## ਅਧਿਆਇ 4

# ਪਵਿੱਤਰ ਜੀਵਨ, ਭਰੱਪਣ ਦਾ ਪ੍ਰੇਮ, ਅਤੇ ਦੂਜੀ ਆਮਦ

### ਪਵਿੱਤਰ ਜੀਵਨ ਦਾ ਉਪਦੇਸ਼ (4:1-8)

**1ਮੁਕਦੀ ਗੱਲ, ਹੇ ਭਰਾਵੋ, ਅਸੀਂ ਪ੍ਰਭੂ ਯਿਸੂ ਵਿੱਚ ਤੁਹਾਡੇ ਅੱਗੇ ਬੇਨਤੀ ਕਰਦੇ ਅਤੇ
ਤੁਹਾਨੂੰ ਤਗੀਦ ਕਰਦੇ ਹਾਂ ਕਿ ਜਿਵੇਂ ਤੁਸਾਂ ਸਾਥੋਂ ਸਿੱਖਿਆ ਪਾਈ ਭਈ ਕਿੱਕੁਰ ਚੱਲਣਾ
ਅਤੇ ਪਰਮੇਸ਼ਰ ਨੂੰ ਪਰਸੰਨ ਕਰਨਾ ਚਾਹੀਦਾ ਹੈ-ਜਿਵੇਂ ਤੁਸੀਂ ਚੱਲਦੇ ਵੀ ਹੋ-ਸੋ ਇਸ
ਵਿੱਚ ਹੋਰ ਭੀ ਵਧਦੇ ਚੱਲੇ ਜਾਓ। 2ਕਿਉਂਕਿ ਤੁਸੀਂ ਜਾਣਦੇ ਹੋ ਜੋ ਅਸਾਂ ਤੁਹਾਨੂੰ ਪ੍ਰਭੂ ਯਿਸੂ
ਦੀ ਵੱਲੋਂ ਕੀ ਕੀ ਹੁਕਮ ਦਿੱਤੇ। 3ਪਰਮੇਸ਼ਰ ਦੀ ਇੱਛਿਆ ਤੁਹਾਡੀ ਪਵਿੱਤਰਤਾਈ ਦੀ ਹੈ
ਭਈ ਤੁਸੀਂ ਹਰਾਮਕਾਰੀ ਤੋਂ ਬਚੇ ਰਹੋ। 4ਅਤੇ ਤੁਹਾਡੇ ਵਿੱਚੋਂ ਹਰ ਕੋਈ ਆਪਣੇ ਲਈ
ਇਸਤਰੀ ਨੂੰ ਪਵਿੱਤਰਤਾਈ ਅਤੇ ਪਤ ਨਾਲ ਪਰਾਪਤ ਕਰਨਾ ਜਾਣੇ। 5ਨਾ ਕਾਮ ਦੀ
ਵਾਸ਼ਨਾ ਨਾਲ ਪਰਾਈਆਂ ਕੌਮਾਂ ਵਾਂਙੁ ਜਿਨ੍ਹਾਂ ਨੂੰ ਪਰਮੇਸ਼ਰ ਦਾ ਗਿਆਨ ਨਹੀਂ। 6ਅਤੇ
ਕੋਈ ਇਸ ਗੱਲ ਵਿੱਚ ਅਪਰਾਧੀ ਨਾ ਹੋਵੇ, ਨਾ ਆਪਣੇ ਭਾਈ ਨਾਲ ਵਾਧਾ ਕਰੇ ਕਿਉਂ ਜੋ
ਪ੍ਰਭੂ ਇਨ੍ਹਾਂ ਸਭਨਾਂ ਗੱਲਾਂ ਦਾ ਬਦਲਾ ਲੈਣ ਵਾਲਾ ਹੈ ਜਿਵੇਂ ਅਸਾਂ ਅੱਗੇ ਵੀ ਤੁਹਾਨੂੰ
ਆਖਿਆ ਅਤੇ ਸਾਖੀ ਦਿੱਤੀ ਸੀ। 7ਕਿਉਂ ਜੋ ਪਰਮੇਸ਼ਰ ਨੇ ਸਾਨੂੰ ਪਲੀਤੀ ਲਈ ਨਹੀਂ
ਸਗੋਂ ਪਵਿੱਤਰਤਾਈ ਵਿੱਚ ਸੱਦਿਆ। 8ਉਪਰੰਤ ਜੋ ਕੋਈ ਇਹ ਨੂੰ ਰੱਦਦਾ ਹੈ ਸੋ ਮਨੁੱਖ
ਨੂੰ ਨਹੀਂ ਸਗੋਂ ਪਰਮੇਸ਼ਰ ਨੂੰ ਰੱਦਦਾ ਹੈ ਜਿਹੜਾ ਆਪਣਾ ਪਵਿੱਤਰ ਆਤਮਾ ਤੁਹਾਨੂੰ
ਦਿੰਦਾ ਹੈ।**

**ਆਇਤ 1.** ਇਸ ਆਇਤ ਦੇ ਸੰਦਰਭ ਵਿੱਚ, **ਮੁਕਦੀ ਗੱਲ** ਦਾ ਅਰਥ ਹੈ "ਬਾਕੀ ਦੀ ਗੱਲ ਦੇ ਸੰਬੰਧ ਵਿੱਚ," ਜਿਸ ਦਾ ਅਰਥ ਹੈ ਕਿ ਪੌਲੁਸ ਇਸ ਪੱਤਰ ਵਿੱਚ ਚਰਚਾ ਦੇ ਆਖਰੀ ਵੱਡੇ ਵਿਸ਼ੇ ਵੱਲ ਜਾ ਰਿਹਾ ਸੀ (ਵੇਖੋ ਅਫ਼ਸੀਆਂ 6:10; ਫ਼ਿਲਿੱਪੀਆਂ 4:8)। ਉਸ ਨੇ ਅਜੇ ਪਿਛਲੀ ਆਇਤ ਵਿੱਚ ਹੀ ਮਸੀਹ ਦੀ ਦੂਜੀ ਆਮਦ ਦਾ ਜ਼ਿਕਰ ਕੀਤਾ ਸੀ (3:13), ਅਤੇ ਇੱਥੇ ਉਹ ਇਸ ਵਿਸ਼ੇ 'ਤੇ ਪੂਰੀ ਚਰਚਾ ਵੱਲ ਮੁੜਦਾ ਹੈ ਜੋ ਕਿ ਇਸ ਪੱਤਰ ਦਾ ਆਖਰੀ ਆਮ ਵਿਸ਼ਾ ਹੈ।

ਦੁਬਾਰਾ ਉਹ ਕਲੀਸਿਯਾ ਨੂੰ ਪ੍ਰੇਮ ਭਰੇ ਸ਼ਬਦ **ਭਰਾਵੋ** ਨਾਲ ਸੰਬੋਧਤ ਕਰਦਾ ਹੈ (1:4 'ਤੇ ਹੋਈ ਚਰਚਾ ਨੂੰ ਵੇਖੋ)। ਉਸ ਨੇ **ਪ੍ਰਭੂ ਯਿਸੂ ਵਿੱਚ** (ਉਸ ਦੇ ਇਖਤਿਆਰ ਨਾਲ) ਉਨ੍ਹਾਂ ਅੱਗੇ **ਬੇਨਤੀ** ਅਤੇ **ਤਗੀਦ** ਕੀਤੀ ਕਿ ਉਹ ਉਸ ਸਿੱਖਿਆ ਦੇ ਅਨੁਸਾਰ **ਚੱਲਣਾ** ਜਾਰੀ

ਰੱਖਣ ਜਿਹੜੀ ਉਨ੍ਹਾਂ ਨੇ ਉਸ ਤੋਂ ਉਸ ਵੇਲੇ **ਪਾਈ** ਸੀ ਜਿਸ ਵੇਲੇ ਉਹ ਥੱਸਲੁਨੀਕੇ ਵਿੱਚ ਉਨ੍ਹਾਂ ਦੇ ਨਾਲ ਸੀ। ਇੱਥੇ "ਚੱਲਣਾ" ਸ਼ਬਦ ਮਸੀਹੀ ਜੀਵਨ ਨੂੰ ਸੌੜੇ ਰਾਹ ਵਜੋਂ ਪੇਸ਼ ਕਰਦਾ ਹੈ (2:12; ਮੱਤੀ 7:14; KJV) ਜਿਸ ਦਾ ਵਰਣਨ ਵਚਨ ਵਿੱਚ ਕੀਤਾ ਗਿਆ ਹੈ ਅਤੇ **ਪਰਮੇਸ਼ਰ ਨੂੰ ਪਰਸੰਨ ਕਰਨ** ਕਰਨ ਲਈ ਜਿਸ ਵਿੱਚ ਹਰੇਕ ਮਸੀਹੀ ਨੂੰ "ਚੱਲਣਾ" ਲਾਜ਼ਮੀ ਹੈ, ਉਵੇਂ ਨਹੀਂ ਜਿਵੇਂ ਉਹ ਆਪ ਜਾਂ ਦੂਜੇ ਲੋਕ ਚਾਹੁੰਦੇ ਹਨ (ਗਲਾਤੀਆਂ 1:10), ਪਰ ਉਵੇਂ ਜਿਵੇਂ ਪਰਮੇਸ਼ਰ ਚਾਹੁੰਦਾ ਹੈ (2:4, 15)। ਇਹ ਸ਼ਬਦ **ਜਿਵੇਂ ਤੁਸੀਂ ਚੱਲਦੇ ਵੀ ਹੋ** (ਬ੍ਰੈਕੇਟ ਵਿੱਚ) ਦਰਸਾਉਂਦਾ ਹੈ ਕਿ ਪੌਲੁਸ ਇਹ ਮੰਨ ਰਿਹਾ ਸੀ ਕਿ ਥੱਸਲੁਨੀਕੀ ਉਸ ਸੱਚਾਈ ਵਿੱਚ ਚੱਲ ਰਹੇ ਸਨ ਜਿਹੜੀ ਉਨ੍ਹਾਂ ਨੂੰ ਦਿੱਤੀ ਗਈ ਸੀ। ਜਦਕਿ ਇਹ ਸ਼ਬਦ ਕਈ ਹਸਤਲੇਖਾਂ ਵਿੱਚ ਸ਼ਾਮਲ ਨਹੀਂ ਕੀਤੇ ਗਏ ਹਨ, ਪਰ ਇਹ ਸਾਈਨਾਈਟਿਕਸ, ਅਲੈਕਸੈਂਡ੍ਰਿਨਸ, ਵੈਟੀਕਨਸ ਅਤੇ ਹੋਰਨਾਂ ਵਿੱਚ ਸ਼ਾਮਲ ਹਨ। ਕੁਲ ਮਿਲਾ ਕੇ, ਪ੍ਰਮਾਣ ਅਤੇ ਇਹ ਸਮੱਗਰੀ ਇਸ ਤੱਥ ਦਾ ਸਮਰਥਨ ਕਰਦੇ ਹਨ।

ਤਿਮੋਥਿਉਸ ਨੇ ਥੱਸਲੁਨੀਕੇ ਤੋਂ ਆਣ ਕੇ ਖ਼ਬਰ ਦਿੱਤੀ ਸੀ ਕਿ ਮੋਟੇ ਤੌਰ ’ਤੇ ਥੱਸਲੁਨੀਕੀ ਲੋਕ ਪੌਲੁਸ ਦੀ ਸਿੱਖਿਆ ’ਤੇ ਚੱਲ ਰਹੇ ਸਨ (3:6)। ਇੱਥੇ ਪੌਲੁਸ ਉਨ੍ਹਾਂ ਨੂੰ ਬੇਨਤੀ ਕਰ ਰਿਹਾ ਸੀ (ਜਾਂ ਆਖ ਰਿਹਾ ਸੀ) ਅਤੇ ਉਪਦੇਸ਼ ਕਰ ਰਿਹਾ ਸੀ (ਜਾਂ ਅਰਜੋਈ ਕਰ ਰਿਹਾ ਸੀ) ਕਿ ਉਹ "ਰਵਾਇਤ" (2 ਥੱਸਲੁਨੀਕੀਆਂ 3:6) ਜਾਂ ਉਸ "ਸਿੱਖਿਆ" (NIV), ਜਿਹੜੀ ਉਨ੍ਹਾਂ ਨੂੰ ਦਿੱਤੀ ਗਈ ਸੀ, ਦੀ ਆਗਿਆਕਾਰੀ ਵਿੱਚ **ਹੋਰ ਭੀ ਵਧਦੇ ਚੱਲੇ** ਜਾਣ। ਉਹ ਉਨ੍ਹਾਂ ਨੂੰ ਬੇਨਤੀ ਕਰ ਰਿਹਾ ਸੀ ਕਿ ਉਹ ਪ੍ਰਭੂ ਨੂੰ ਆਪਣਾ ਮਾਲਕ ਬਣਾ ਲੈਣ ਅਤੇ ਉਸ ਦੇ ਹਰੇਕ ਹੁਕਮ ਦੀ ਪਾਲਣਾ ਕਰਨ।

**ਆਇਤ 2.** ਪੌਲੁਸ ਉਨ੍ਹਾਂ ਨੂੰ ਚੇਤੇ ਕਰਵਾ ਰਿਹਾ ਸੀ ਕਿ [ਉਸ ਨੇ ਉਨ੍ਹਾਂ ਨੂੰ] **ਕੀ ਕੀ ਹੁਕਮ ਦਿੱਤੇ** ਸਨ। "ਹੁਕਮ" ਸ਼ਬਦ παραγγελία (*ਪੈਰਾਨਗੇਲੀਆ*) ਤੋਂ ਹੈ, ਜੋ "ਸਿਪਾਹੀਆਂ ਦੀ ਪੰਗਤ ਵਿੱਚ ਅਗਾਂਹ ਦੀ ਅਗਾਂਹ (παρά [*ਪਾਰਾ*]) ਦਿੱਤੇ ਜਾਂਦੇ ਆਦੇਸ਼ ਹਨ। ਇਸ ਤੋਂ ਸਾਨੂੰ ਅਧਿਕਾਰੀ ਕ੍ਰਮ ਦੇ ਮਹੱਤਵ ਦਾ ਪਤਾ ਚੱਲਦਾ ਹੈ।"[1] ਇਸ ਸ਼ਬਦ ਦਾ ਅਨੁਵਾਦ "ਨਿਰਦੇਸ਼ਾਂ" (NIV) ਜਾਂ "ਸਿੱਖਿਆਵਾਂ" ਵਜੋਂ ਵੀ ਕੀਤਾ ਜਾ ਸਕਦਾ ਹੈ। ਪੌਲੁਸ ਨੇ ਇਹ ਸਪੱਸ਼ਟ ਕੀਤਾ ਕਿ ਇਹ ਹੁਕਮ ਉਹ ਆਪ ਨਹੀਂ ਦੇ ਰਿਹਾ ਸੀ ਸਗੋਂ ਉਸ ਨੂੰ **ਪ੍ਰਭੂ ਯਿਸੂ ਦੀ ਵੱਲੋਂ** ਦਿੱਤੇ ਗਏ ਸਨ।

ਜੋ ਉਨ੍ਹਾਂ ਨੂੰ ਦਿੱਤਾ ਗਿਆ ਸੀ ਉਹ "ਮਨੁੱਖਾਂ ਦਾ ਬਚਨ" (2:13) ਨਹੀਂ ਸੀ, ਸਗੋਂ "ਪਰਮੇਸ਼ੁਰ ਦਾ ਬਚਨ" ਸੀ। ਇਸ ਨੂੰ ਉਸ ਵੇਲੇ ਵੀ ਚੇਤੇ ਰੱਖਿਆ ਜਾਣਾ ਜ਼ਰੂਰੀ ਸੀ ਅਤੇ ਇਸ ਨੂੰ ਅੱਜ ਵੀ ਚੇਤੇ ਰੱਖਿਆ ਜਾਣਾ ਜ਼ਰੂਰੀ ਹੈ, ਕਿਉਂਕਿ ਅਸੀਂ ਇਸ ਬਚਨ ਨੂੰ ਬੜੇ ਹੀ ਹਲਕੇ ਤੌਰ ’ਤੇ ਲੈਣ ਲੱਗ ਪੈਂਦੇ ਹਾਂ ਅਤੇ ਭੁੱਲ ਜਾਂਦੇ ਹਾਂ ਕਿ ਇਹ ਪਰਮੇਸ਼ਰ ਦਾ ਬਚਨ ਹੈ।

**ਆਇਤ 3.** ਵਿਸ਼ੇਸ਼ ਗੱਲਾਂ ਵੱਲ ਆਉਂਦਿਆਂ, ਪੌਲੁਸ ਨੇ ਉਨ੍ਹਾਂ ਨੂੰ ਵਿਸ਼ੇਸ਼ ਖੇਤਰਾਂ ਵਿੱਚ ਪਰਮੇਸ਼ਰ ਦੀ ਇੱਛਾ ਬਾਰੇ ਚੇਤੇ ਕਰਾਇਆ—ਕਿ ਤੁਸੀਂ **ਹਰਾਮਕਾਰੀ ਤੋਂ ਬਚੇ ਰਹੋ**, ਜਿਸ ਵਿੱਚ ਉਨ੍ਹਾਂ ਦੀ **ਪਵਿੱਤਰਤਾਈ** (ἁγιασμός, *ਹਾਗਿਆਸਮੋਸ*) ਸ਼ਾਮਲ ਹੈ। ਪਵਿੱਤਰ ਹੋਣ ਦਾ ਅਰਥ ਹੈ ਪਾਪ ਤੋਂ ਸ਼ੁੱਧ ਹੋਣਾ, ਵੱਖਰੇ ਕੀਤੇ ਜਾਣਾ। ਪਰਮੇਸ਼ਰ ਸਾਡੇ ਮਸੀਹੀ ਜੀਵਨ ਦੇ ਅਰੰਭ ਵਿੱਚ ਸਾਨੂੰ ਸ਼ੁੱਧ ਕਰਦਾ ਹੈ (ਰਸੂਲਾਂ 22:16) ਅਤੇ ਇਸ ਜੀਵਨ ਵਿੱਚ ਅਗਾਂਹ ਵਧਦਿਆਂ ਵੀ, ਜਿਵੇਂ-ਜਿਵੇਂ ਅਸੀਂ ਆਪਣਿਆਂ ਪਾਪਾਂ ਨੂੰ ਸਿਆਣਦੇ ਜਾਂਦੇ ਹਾਂ ਅਤੇ ਉਨ੍ਹਾਂ ਤੋਂ ਤੋਬਾ ਕਰਦੇ ਜਾਂਦੇ ਹਾਂ (1 ਯੂਹੰਨਾ 1:7–10)। ਉਹ ਅਜਿਹਾ ਇਸ ਕਰਕੇ ਕਰਦਾ ਹੈ ਤਾਂ ਜੋ

ਅਸੀਂ ਅੰਤਮ ਨਿਆਂ ਵੇਲੇ (5:23; 1 ਪਤਰਸ 1:13–16 ਦੀ ਤੁਲਨਾ ਵਿੱਚ) "ਨਿਰਦੋਸ਼" ਰਹੀਏ (3:13)। ਪਵਿੱਤਰ ਹੋਣ ਦਾ ਅਰਥ ਵੱਖਰੇ ਕੀਤੇ ਜਾਣਾ ਵੀ ਹੈ ਤਾਂ ਜੋ ਪਰਮੇਸ਼ਰ ਦੀ ਵਿਸ਼ੇਸ਼ ਸੇਵਾ ਲਈ ਇਸਤੇਮਾਲ ਕੀਤੇ ਜਾ ਸਕੀਏ, ਜਿਵੇਂ ਕਿ ਪੁਰਾਣੇ ਨੇਮ ਵਿੱਚ ਲੇਵੀ ਕੀਤੇ ਜਾਂਦੇ ਸਨ (ਗਿਣਤੀ 3:11–13)। ਪਰ ਮਸੀਹੀ ਖੇਤਰ ਵਿੱਚ ਸਾਰੇ ਵਿਸ਼ਵਾਸੀ ਪਰਮੇਸ਼ਰ ਦੀ ਵਿਸ਼ੇਸ ਸੰਪਤੀ ਹਨ (1 ਪਤਰਸ 2:5, 9), ਉਸ ਦੀ ਵਿਸ਼ੇਸ਼ ਸੇਵਾ ਲਈ ਵੱਖਰੇ ਕੀਤੇ ਗਏ ਹਨ।

ਕਿਉਂ ਜੋ ਮਸੀਹੀ ਲੋਕ ਵਿਸ਼ੇਸ਼ ਤੌਰ 'ਤੇ ਪਰਮੇਸ਼ਰ ਦੇ ਲੋਕ ਹਨ, ਇਸ ਕਰਕੇ ਉਨ੍ਹਾਂ ਨੂੰ ਬੜੀ ਸਾਵਧਾਨੀ ਨਾਲ ਉਸ ਦੀ **ਇੱਛਿਆ** ਦੀ ਪੂਰਤੀ ਕਰਨੀ ਹੈ। ਪੌਲੁਸ ਜਿਸ ਗੱਲ ਤੋਂ ਖਾਸਤੌਰ 'ਤੇ ਚਿੰਤਤ ਸੀ, ਉਹ ਇਹ ਸੀ ਕਿ ਉਹ "ਹਰਾਮਕਾਰੀ ਤੋਂ ਬਚੇ" ਰਹਿਣ। ਜਿਸ ਸ਼ਬਦ ਦਾ ਅਨੁਵਾਦ "ਹਰਾਮਕਾਰੀ" ("ਜਨਾਹ"; KJV) ਕੀਤਾ ਗਿਆ ਹੈ ਉਹ πορνεία (*ਪੋਰਨੇਆ*) ਹੈ, ਜੋ ਕਿ ਇੱਕ ਵਿਸਤ੍ਰਿਤ ਸ਼ਬਦ ਹੈ ਜਿਸ ਵਿੱਚ ਹਰ ਤਰ੍ਹਾਂ ਦਾ ਨਾਜਾਇਜ਼ ਕੰਮ ਸ਼ਾਮਲ ਹੈ—ਇੱਥੋਂ ਤੱਕ ਕਿ ਸਮਲਿੰਗੀ ਵੀ (1 ਕੁਰਿੰਥੀਆਂ 6:9–11 ਨਾਲ ਤੁਲਨਾ ਕਰੋ)। ਐਫ਼. ਐਫ਼. ਬ੍ਰੂਸ ਨੇ ਆਖਿਆ ਕਿ "ਹਾਲਾਂਕਿ *ਪੋਰਨੇਆ* ਦਾ ਮੁੱਢਲਾ ਅਰਥ ਵੇਸਵਾਵਾਂ (*ਪੋਰਨਾਏ*) ਦੇ ਮਗਰ ਜਾਣਾ ਹੈ . . . ਪਰ ਇਸ ਵਿੱਚ ਹਰ ਤਰ੍ਹਾਂ ਦਾ ਨਾਜਾਇਜ਼ ਸੰਬੰਧ ਸ਼ਾਮਲ ਹੈ।"[2]

ਸੰਸਾਰ ਦੇ ਉਸ ਹਿੱਸੇ ਦੇ ਨਗਰਾਂ ਵਿੱਚ ਹਰਾਮਕਾਰੀ ਬਹੁਤ ਪ੍ਰਚਲਿਤ ਸੀ। ਉਦਾਹਰਣ ਵਜੋਂ, ਕੁਰਿੰਥ, ਜੋ ਕਿ ਦੱਖਣ ਵਿੱਚ ਲਗਭਗ 175 ਮੀਲ ਦੀ ਦੂਰੀ 'ਤੇ ਸਥਿਤ ਸੀ, ਐਫ੍ਰੋਡਾਈਟ ਦੇ ਮੰਦਰ ਦਾ ਮੁੱਖ ਕੇਂਦਰ ਸੀ। ਇੱਕ ਇਤਹਾਸਕ ਸਰੋਤ ਦੱਸਦਾ ਹੈ ਕਿ ਉਸ ਮੰਦਰ ਵਿੱਚ ਇੱਕ ਹਜ਼ਾਰ ਵੇਸਵਾਵਾਂ ਸਨ ਜੋ ਸਭਨਾਂ ਪੁਰਸ਼ ਭਗਤਾਂ ਦੇ ਨਾਲ ਸਰੀਰਕ ਸੰਬੰਧ ਬਣਾਉਣ ਲਈ ਆਪਣੇ ਆਪ ਨੂੰ ਪੇਸ਼ ਕਰਦੀਆਂ ਸਨ। ਥੱਸਲੁਨੀਕੇ ਦੀ ਕਲੀਸਿਯਾ ਵਿੱਚ ਹਰਾਮਕਾਰੀ ਦੇ ਕੋਈ ਵਿਸ਼ੇਸ਼ ਮਾਮਲਿਆਂ ਦੇ ਪ੍ਰਮਾਣ ਉਪਲਬਧ ਨਹੀਂ ਹਨ, ਜਿਵੇਂ ਕਿ ਕੁਰਿੰਥ ਦੀ ਕਲੀਸਿਯਾ ਵਿੱਚ ਸਨ (1 ਕੁਰਿੰਥੀਆਂ 5), ਪਰ ਪਹਿਲੀ ਸਦੀ ਵੇਲੇ ਸੰਸਾਰ ਦੇ ਉਸ ਹਿੱਸੇ ਵਿਚਲੇ ਹਾਲਾਤਾਂ ਨੂੰ ਵੇਖਦਿਆਂ ਇਹ ਆਖਿਆ ਜਾ ਸਕਦਾ ਹੈ ਕਿ ਇਸ ਤਰ੍ਹਾਂ ਦਾ ਚਰਿੱਤਰ ਇੱਕ ਅਸਲ ਖਤਰਾ ਸੀ। ਪੌਲੁਸ ਇਸ ਹਿੱਸੇ ਵਿੱਚ ਇਸ ਤਰ੍ਹਾਂ ਦੇ ਖਤਰੇ ਦੀ ਗੱਲ ਕਰ ਰਿਹਾ ਸੀ।

**ਆਇਤ 4. ਆਪਣੇ ਲਈ ਇਸਤਰੀ** ਦਰਅਸਲ ਯੂਨਾਨੀ ਸ਼ਬਦਾਂ ἑαυτοῦ σκεῦος (*ਹੇਯਾਟੂ ਸਕੂਓਸ*) ਦਾ ਸ਼ਾਬਦਿਕ ਅਨੁਵਾਦ ਹੈ। "ਆਪਣੇ ਸਰੀਰ 'ਤੇ ਕਾਬੂ ਰੱਖੇ" (NIV) ਅਤੇ "ਆਪਣੇ ਲਈ ਪਤਨੀ ਭਾਲ ਲਵੇ" (RSV) ਅਧੂਰੇ ਅਨੁਵਾਦ ਹਨ, ਪਰ ਇਹ ਦੋਵੇਂ "ਆਪਣੇ ਭਾਂਡੇ" ਸ਼ਬਦਾਂ ਨੂੰ ਸਮਝਣ ਲਈ ਦੋ ਪ੍ਰਮੁੱਖ ਵਿਕਲਪ ਹਨ। ਇਨ੍ਹਾਂ ਵਿਕਲਪਾਂ ਵਿੱਚੋਂ ਕਿਸੇ ਦੀ ਚੋਣ ਕਰਦਿਆਂ ਇਹ ਧਿਆਨ ਵਿੱਚ ਰੱਖਣਾ ਲਾਜ਼ਮੀ ਹੈ ਕਿ ਕਿਸੇ ਵਿਅਕਤੀ ਦੀ ਪਤਨੀ ਦੇ ਲਈ ਬਾਈਬਲ ਵਿੱਚ ਹੋਰ ਕਿਤੇ ਵੀ *ਸਕੂਓਸ* ਜਾਂ "ਭਾਂਡੇ" ਸ਼ਬਦ ਦੀ ਵਰਤੋਂ ਨਹੀਂ ਕੀਤੀ ਗਈ ਹੈ, ਜਦਕਿ ਮਨੁੱਖੀ ਸਰੀਰ ਨੂੰ ਹੋਰਨਾਂ ਥਾਂਵਾਂ 'ਤੇ "ਭਾਂਡਾ" ਜਾਂ "ਵਸੀਲਾ" ਅਨੁਵਾਦ ਜ਼ਰੂਰ ਕੀਤਾ ਗਿਆ ਹੈ (1 ਸਮੂਏਲ 21:5; ਰਸੂਲਾਂ 9:15; ਰੋਮੀਆਂ 9:21–23; 2 ਕੁਰਿੰਥੀਆਂ 4:7; 2 ਤਿਮੋਥਿਉਸ 2:21)। ਇਹ ਤੱਥ ਇਸ ਗੱਲ ਦੀ ਸੰਭਾਵਨਾ ਨੂੰ ਵਧਾ ਦਿੰਦਾ ਹੈ ਕਿ ਜਦ ਪੌਲੁਸ ਨੇ ਆਖਿਆ ਕਿ **ਪਰਾਪਤ ਕਰਨਾ ਜਾਣੇ**, ਤਾਂ ਉਹ ਆਖ ਰਿਹਾ ਸੀ ਕਿ ਹਰੇਕ ਮਸੀਹੀ ਆਪਣੇ ਸਰੀਰ ਨੂੰ ਕਾਬੂ ਵਿੱਚ ਰੱਖੇ ਅਤੇ ਇਸ ਨੂੰ ਪੂਰੀ

**ਪਵਿੱਤਰਤਾਈ ਅਤੇ ਪਤ ਨਾਲ** ਕਰੇ, "ਇਸ ਤਰ੍ਹਾਂ ਕਰੇ ਜੋ ਪਵਿੱਤਰ ਅਤੇ ਆਦਰਯੋਗ ਹੈ" (NIV)। ਜਦ ਇਸ ਦਾ ਅਜਿਹਾ ਅਨੁਵਾਦ ਕੀਤਾ ਜਾਂਦਾ ਹੈ ਤਾਂ ਇਹ ਆਇਤ ਰੋਮੀਆਂ 6:19 ਦੀ ਸਮਾਂਤਰ ਬਣ ਜਾਂਦੀ ਹੈ, "ਆਪਣੇ ਅੰਗ ਧਰਮ ਦੀ ਗੁਲਾਮੀ ਵਿਚ ਪਵਿੱਤਰ ਹੋਣ ਲਈ ਸੌਂਪ ਦਿਓ।"

ਇਸ ਅਨੁਵਾਦ ਵਿੱਚ ਸਭ ਤੋਂ ਵੱਡੀ ਸਮੱਸਿਆ ਯੂਨਾਨੀ ਸ਼ਬਦ κτάομαι (*ਕਟਾਓਮਾਏ*) ਹੈ, ਜਿਸ ਨੂੰ "ਪਰਾਪਤ ਕਰਨਾ" ਆਖਿਆ ਗਿਆ ਹੈ। ਕਈ ਵਾਰੀ ਇਸ ਨੂੰ "ਹਾਸਿਲ ਕਰਨਾ" ਵੀ ਅਨੁਵਾਦ ਕੀਤਾ ਜਾਂਦਾ ਹੈ। ਪਰ ਜੇਮਸ ਹੋਪ ਮੋਲਟਨ ਅਤੇ ਜੌਰਜ ਮਿਲੀਗਨ "ਪਰਾਪਤ ਕਰਨਾ" ਨੂੰ ਇਸ ਹਿੱਸੇ ਲਈ ਇੱਕਦਮ ਢੁਕਵੇਂ ਅਨੁਵਾਦ ਵਜੋਂ ਪਸੰਦ ਕਰਦੇ ਹਨ। ਉਨ੍ਹਾਂ ਨੇ ਆਖਿਆ, "'ਹੌਲੀ-ਹੌਲੀ ਸਰੀਰ ਨੂੰ ਪੂਰੀ ਤਰ੍ਹਾਂ ਆਪਣੇ ਕਬਜ਼ੇ ਵਿੱਚ ਲੈ ਲਓ' ਸ਼ਾਇਦ 1 ਥੱਸਲੁਨੀਕੀਆਂ 4:4 ਲਈ ਜ਼ਿਆਦਾ ਬਿਹਤਰ ਜਾਪਦਾ ਹੈ।"[3]

**ਆਇਤ 5.** ਹਰੇਕ ਵਿਅਕਤੀ ਨੂੰ ਆਪਣੇ ਸਰੀਰ ਨੂੰ ਕਾਬੂ ਵਿੱਚ ਰੱਖਣਾ ਹੈ, ਬਜਾਇ ਇਸ ਦੇ ਕਿ ਉਹ **ਕਾਮ ਦੀ ਵਾਸ਼ਨਾ ਨਾਲ** ("ਬੇਕਾਬੂ ਕਾਮ ਵਾਸ਼ਨਾ"; NIV) ਚੱਲੇ। ਇੱਥੇ ਜਿਸ ਯੂਨਾਨੀ ਸ਼ਬਦ ਦਾ ਅਨੁਵਾਦ "ਵਾਸ਼ਨਾ" ਹੋਇਆ ਹੈ, ਉਹ πάθος (*ਪਾਥੋਸ*) ਹੈ, ਜਿਸ ਦਾ ਅਰਥ ਹਰ ਤਰ੍ਹਾਂ ਦੀ ਬੇਕਾਬੂ ਚਾਹਤ ਹੈ, ਪਰ "ਵਿਸ਼ੇਸ਼ ਤੌਰ 'ਤੇ ਸਰੀਰਕ ਸੰਬੰਧਾਂ ਦੇ ਮਸਲੇ ਵਿੱਚ।"[4] ਜਿਸ ਯੂਨਾਨੀ ਸ਼ਬਦ ਦਾ ਅਨੁਵਾਦ "ਕਾਮ" ਹੋਇਆ ਹੈ ਉਹ ἐπιθυμία (*ਏਪਿਥੁਮਿਆ*) ਹੈ, ਜਿਸ ਵਿੱਚ ਹਰ ਤਰ੍ਹਾਂ ਦੀ ਬਲਵੰਤ ਇੱਛਾ ਸ਼ਾਮਲ ਹੈ—ਆਮਤੌਰ 'ਤੇ ਬੁਰੀ, ਪਰ ਕਦੇ-ਕਦੇ ਚੰਗੀ ਵੀ (2:17)।

ਇਸ ਤਰ੍ਹਾਂ ਸਰੀਰ ਨੂੰ ਕਾਬੂ ਵਿੱਚ ਰੱਖਣਾ ਉਸ ਦੇ ਬਿਲਕੁਲ ਉਲਟ ਹੈ ਜੋ **ਪਰਾਈਆਂ ਕੌਮਾਂ** ਕਰਦੀਆਂ ਹਨ **ਜਿਨ੍ਹਾਂ ਨੂੰ ਪਰਮੇਸ਼ਰ ਦਾ ਗਿਆਨ ਨਹੀਂ**। ਇਹ "ਪਰਾਈਆਂ ਕੌਮਾਂ" ਹਰਾਮਕਾਰੀ ਦੀਆਂ ਪ੍ਰਥਾਵਾਂ ਨੂੰ ਪ੍ਰਵਾਨਗੀ ਦਿੰਦੀਆਂ ਸਨ, ਜਿਵੇਂ ਕਿ ਚਾਰਲਸ ਵਰਡਸਵਰਥ ਨੇ ਬਿਆਨ ਕੀਤਾ: "ਜਿਸ ਘਾਤਕ ਪਾਪ ਦੀ ਇੱਥੇ ਨਿੰਦਾ ਕੀਤੀ ਗਈ ਹੈ . . . ਉਹ ਮਾਪਿਆਂ ਦੁਆਰਾ ਕੀਤਾ ਜਾਂਦਾ ਸੀ (*ਟੇਰੇਂਟ.* ਅਡੇਲਫ. I. ii. 21), ਸਦਾਚਾਰੀਆਂ ਦੁਆਰਾ ਉਸ ਦੀ *ਸ਼ਲਾਘਾ ਕੀਤੀ ਜਾਂਦੀ ਸੀ* (*ਹੋਰਾਟ.* I ਸੈਟ. ii. 32; cp. *ਸਿਸੇਰੋ* ਪ੍ਰੋ *ਕੇਏਲਿਸ* 48), ਅਤੇ ਮੂਰਤੀਪੂਜਕ ਧਰਮਾਂ ਦੁਆਰਾ ਉਸ ਨੂੰ ਪਵਿੱਤਰ ਕਰਾਰ ਦਿੱਤਾ ਜਾਂਦਾ ਸੀ, ਖਾਸਤੌਰ 'ਤੇ ਯੂਨਾਨ ਵਿੱਚ ਅਤੇ ਵਿਸ਼ੇਸ਼ ਤੌਰ 'ਤੇ ਕੁਰਿੰਥ ਵਿੱਚ ਜਿੱਥੇ ਸੰਤ ਪੌਲੁਸ ਇਸ ਵੇਲੇ ਸੀ . . . ।"[5]

"ਪਰਾਈਆ ਕੌਮਾਂ" ਦਾ ਸ਼ਾਬਦਿਕ ਅਰਥ "ਜਾਤੀਆਂ" ਹੈ। ਇਹ ਗੈਰਯਹੂਦੀ ਜਾਤੀਆਂ ਮੂਰਤੀਪੂਜਕ ਸਨ ਅਤੇ ਆਪਣੇ ਉੱਤੇ ਉਨ੍ਹਾਂ ਦਾ ਕੋਈ ਕਾਬੂ ਨਹੀਂ ਸੀ ਕਿਉਂਕਿ ਉਨ੍ਹਾਂ ਨੂੰ "ਪਰਮੇਸ਼ਰ ਦਾ ਗਿਆਨ" ਨਹੀਂ ਸੀ। ਪੌਲੁਸ ਨੇ ਇੱਕ ਹੋਰ ਥਾਂ 'ਤੇ ਸਾਨੂੰ ਦੱਸਿਆ ਹੈ ਕਿ ਪਰਮੇਸ਼ਰ ਨੇ ਪਰਾਈਆਂ ਕੌਮਾਂ ਨੂੰ ਛੱਡ ਦਿੱਤਾ ਹੈ ਕਿਉਂਕਿ ਉਨ੍ਹਾਂ ਨੇ ਪਰਮੇਸ਼ਰ ਨੂੰ ਆਪਣੀ ਪਛਾਣ ਵਿੱਚ ਰੱਖਣਾ ਨਾ ਚਾਹਿਆ (ਰੋਮੀਆਂ 1:26–28)। ਜਿਵੇਂ ਕਿ ਜਾਣ-ਪਛਾਣ ਵਿੱਚ ਆਖਿਆ ਗਿਆ ਹੈ, ਥੱਸਲੁਨੀਕੀ ਕਲੀਸਿਯਾ ਦੇ ਜ਼ਿਆਦਾਤਰ ਮੈਂਬਰ ਪਰਾਈਆਂ ਕੌਮਾਂ ਵਿੱਚੋਂ ਸਨ, ਪਰ ਖੁਸ਼ਖਬਰੀ ਦੀ ਆਗਿਆਕਾਰੀ ਕਰਕੇ ਉਹ ਆਤਮਕ ਭਾਵ ਨਾਲ ਯਹੂਦੀ ਬਣ ਗਏ ਸਨ (ਵੇਖੋ ਰੋਮੀਆਂ 2:28, 29)।

**ਆਇਤ 6.** ਸੰਦਰਭ ਇਹ ਇਸ਼ਾਰਾ ਕਰਦਾ ਹੈ ਕਿ ਜਿਸ ਨੂੰ ਇੱਥੇ **ਇਸ ਗੱਲ** ਆਖਿਆ ਗਿਆ ਹੈ, ਉਹ ਆਪਣੇ ਸਰੀਰ ਜਾਂ ਵਾਸ਼ਨਾਵਾਂ ਨੂੰ ਕਾਬੂ ਵਿੱਚ ਰੱਖਣ ਦੀ ਗੱਲ ਹੈ, ਕਿ ਨਾ

ਤਾਂ ਆਪਣੀਆਂ ਹੱਦਾਂ ਲੰਘੀਆਂ ਜਾਣ ਅਤੇ **ਨਾ ਆਪਣੇ ਭਾਈ ਨਾਲ ਵਾਧਾ** ਕੀਤਾ ਜਾਵੇ। ਕਿਸ ਭਾਵ ਨਾਲ ਕਿਸੇ ਵਿਅਕਤੀ ਦੀ ਹਰਾਮਕਾਰੀ "ਆਪਣੇ ਭਾਈ ਨਾਲ ਵਾਧਾ" ਕਰੇਗੀ? ਪੌਲੁਸ ਸ਼ਾਇਦ ਉਸ ਭਾਈ ਦੀ ਪਤਨੀ ਦੇ ਨਾਲ ਹਰਾਮਕਾਰੀ ਕਰਕੇ ਉਸ ਦੇ ਨਾਲ ਵਾਧਾ ਕੀਤੇ ਜਾਣ ਦੀ ਗੱਲ ਕਰ ਰਿਹਾ ਸੀ (ਵੇਖੋ ਕੂਚ 20:17), ਜਾਂ ਫਿਰ ਕਿਸੇ ਅਣਵਿਆਹੇ ਵਿਅਕਤੀ ਨਾਲ ਨਾਜਾਇਜ਼ ਸੰਬੰਧ ਬਣਾ ਕੇ ਜਾਂ ਫਿਰ ਕਿਸੇ ਵਿਅਕਤੀ ਦੇ ਭਵਿੱਖ ਵਿੱਚ ਹੋਣ ਵਾਲੇ ਜੀਵਨਸਾਥੀ ਦੇ ਨਾਲ ਧੋਖਾ ਕਰਕੇ ਵਾਧਾ ਕੀਤੇ ਜਾਣ ਦੀ ਗੱਲ ਕਰ ਰਿਹਾ ਸੀ। ਪੌਲੁਸ ਨੇ ਥੱਸਲੁਨੀਕੀਆਂ ਨੂੰ ਅਤੇ ਸਾਡੇ ਸਮਾਜ ਨੂੰ, ਜਿੱਥੇ ਵੰਨ-ਸੁਵੰਨੇ ਸਰੀਰਕ ਸੰਬੰਧਾਂ ਨੂੰ ਪ੍ਰਵਾਨਗੀ ਦਿੱਤੀ ਜਾਂਦੀ ਹੈ, ਆਖਿਆ ਕਿ ਹਰਮਾਕਾਰੀ ਦੇ ਸੰਬੰਧ ਵਿੱਚ ਸਾਵਧਾਨ ਰਹਿਣ ਕਿਉਂਕਿ **ਪ੍ਰਭੂ ਇਨ੍ਹਾਂ ਸਭਨਾਂ ਗੱਲਾਂ ਦਾ ਬਦਲਾ ਲੈਣ ਵਾਲਾ ਹੈ** ("ਅਜਿਹੇ ਪਾਪ ਕਰਨ ਵਾਲਿਆਂ ਨੂੰ ਪ੍ਰਭੂ ਦੰਡ ਦੇਵੇਗਾ"; NIV)। "ਬਦਲਾ ਲੈਣ ਵਾਲਾ," ἔκδικος (*ਏਕਦਿਕੋਸ*) ਤੋਂ ਹੈ, ਜਿਸ ਦਾ ਭਾਵ "ਹਿਸਾਬ ਬਰਾਬਰ ਕਰਨਾ" ਨਹੀਂ ਹੈ, ਸਗੋਂ ਸੱਚੇ ਨਿਆਂ ਦੀ ਪਾਲਣਾ ਕਰਨਾ ਹੈ। ਨਵੇਂ ਨੇਮ ਵਿੱਚ ਇਹ ਕੇਵਲ ਇੱਕ ਹੋਰ ਥਾਂ 'ਤੇ ਰੋਮੀਆਂ 13:4 ਵਿੱਚ ਇਸਤੇਮਾਲ ਕੀਤਾ ਗਿਆ ਹੈ, ਜਿੱਥੇ ਇਹ ਸਿਵਲ ਮੈਜਿਸਟ੍ਰੇਟ ਦੇ ਨਾਲ ਸੰਬੰਧਤ ਹੈ। ਅੱਜ ਕਈ ਲੋਕ ਇਹ ਆਖਦੇ ਹਨ ਕਿ ਪਰਮੇਸ਼ਰ ਸਾਨੂੰ ਐਨਾ ਪ੍ਰੇਮ ਕਰਦਾ ਹੈ ਕਿ ਸਾਨੂੰ ਦੰਡ ਦੇ ਹੀ ਨਹੀਂ ਸਕਦਾ, ਪਰ ਪੌਲੁਸ ਇਸ ਵਿਚਾਰਧਾਰਾ ਨਾਲ ਸਹਿਮਤ ਨਹੀਂ ਸੀ। ਇਸ ਤੋਂ ਇਲਾਵਾ ਉਸ ਨੇ ਉਨ੍ਹਾਂ ਨੂੰ ਚੇਤੇ ਕਰਾਇਆ ਕਿ ਜਦ ਉਹ ਉਨ੍ਹਾਂ ਦੇ ਨਾਲ ਸੀ ਉਦੋਂ ਉਸ ਨੇ ਇਸ ਸੱਚਾਈ ਬਾਰੇ ਉਨ੍ਹਾਂ ਨੂੰ **ਆਖਿਆ** ਸੀ।

**ਆਇਤ 7.** ਪਰਮੇਸ਼ਰ ਲੋਕਾਂ ਨੂੰ ਮਸੀਹੀ ਬਣਨ ਦਾ ਸੱਦਾ ਕੇਵਲ ਖੁਸ਼ਖਬਰੀ ਦੇ ਰਾਹੀਂ ਹੀ ਦਿੰਦਾ ਹੈ (2 ਥੱਸਲੁਨੀਕੀਆਂ 2:14)। ਪੌਲੁਸ ਨੇ ਆਖਿਆ ਕਿ ਪਰਮੇਸ਼ਰ ਨੇ **ਸਾਨੂੰ ਪਲੀਤੀ ਲਈ ਨਹੀਂ ਸਗੋਂ ਪਵਿੱਤਰਤਾਈ ਵਿੱਚ ਸੱਦਿਆ** ਹੈ। ਉਸ ਨੇ ਸਾਨੂੰ ਅਜਿਹੇ ਜੀਵਨ ਵਿੱਚ ਨਹੀਂ ਸੱਦਿਆ ਹੈ ਜਿਸ ਵਿੱਚ ਅਸੀਂ ਪਹਿਲਾਂ ਵਾਂਗ ਪਾਪ ਕਰਦੇ ਰਹਿ ਸਕਦੇ ਹਾਂ, ਸਗੋਂ ਅਜਿਹੇ ਜੀਵਨ ਵਿੱਚ ਸੱਦਿਆ ਹੈ, ਜਿਸ ਵਿੱਚ ਪਰਮੇਸ਼ਰ ਸਾਨੂੰ ਪਾਪ 'ਤੇ ਜਿੱਤ ਹਾਸਲ ਕਰਨ ਵਿੱਚ ਮਦਦ ਕਰਦਾ ਹੈ। "ਅਸ਼ੁੱਧਤਾ" ਅਤੇ "ਪਵਿੱਤਰਤਾਈ" ਵਿਚਲੀ ਤੁਲਨਾ ਦੋ ਕਾਰਕਾਂ, (ἐπὶ) *ਏਪੀ* (ਦੇ ਅਧਾਰ 'ਤੇ) ਅਤੇ (ἐν) *ਏਨ* (ਦੇ ਦਾਇਰੇ ਵਿੱਚ) ਦੇ ਕਾਰਨ ਹੋਰ ਵੀ ਤਿੱਖੀ ਹੋ ਜਾਂਦੀ ਹੈ।[6] ਕੀ ਅਸੀਂ ਅਜਿਹੇ ਲੋਕ ਹਾਂ ਜੋ ਅਜਿਹੀਆਂ ਗੱਲਾਂ ਵਿੱਚ ਅੰਤਰ ਕਰਦੇ ਹਾਂ ਜਿਹੜੀਆਂ ਪਾਪ ਹਨ ਅਤੇ ਜਿਹੜੀਆਂ ਪਾਪ ਨਹੀਂ ਹਨ ਅਤੇ ਕੀ ਅਸੀਂ ਪਾਪ ਤੋਂ ਬਚਦੇ ਹਾਂ?

**ਆਇਤ 8.** ਜਿਹੜਾ ਮਸੀਹੀ ਉਸ ਹੁਕਮ, ਜੋ ਸਾਨੂੰ ਪਵਿੱਤਰ ਜੀਵਨ ਬਤੀਤ ਕਰਨ ਦੀ ਤਾਗੀਦ ਕਰਦਾ ਹੈ, **ਨੂੰ ਰੱਦਦਾ ਹੈ, ਸੋ ਮਨੁੱਖ ਨੂੰ ਨਹੀਂ ਸਗੋਂ ਪਰਮੇਸ਼ਰ ਨੂੰ ਰੱਦਦਾ ਹੈ**, ਉਸ ਪਰਮੇਸ਼ਰ ਨੂੰ ਜੋ ਸਾਰੇ ਜਗਤ ਦਾ ਸਿਰਜਣਹਾਰ ਹੈ। "ਰੱਦਦਾ" ਦੇ ਲਈ ਇਸਤੇਮਾਲ ਹੋਈ ਯੂਨਾਨੀ ਕਿਰਿਆ ἀθετέω (*ਆਥੇਟੇਓ*), ਦੀ ਵਰਤੋਂ "ਔਪਚਾਰਿਕ ਜਾਂ ਕਨੂੰਨੀ ਭਾਵ ਵਿੱਚ ਕਿਸੇ ਵਸੀਅਤ (ਗਲਾਤੀਆਂ 3:15) ਜਾਂ ਕਿਸੇ ਹੋਰ ਦਸਤਾਵੇਜ਼ ਨੂੰ ਰੱਦ ਕਰਨ ਲਈ ਵੀ ਕੀਤੀ ਜਾਂਦੀ ਹੈ।"[7]

ਇਸ ਤੋਂ ਪਹਿਲਾਂ ਕਿ ਮਸੀਹੀ ਲੋਕ ਅਜਿਹੇ ਕਿਸੇ ਕੰਮ ਵਿੱਚ ਲਿਪਤ ਹੋ ਜਾਣ, ਸਾਨੂੰ ਚੇਤੇ ਰੱਖਣ ਦੀ ਲੋੜ ਹੈ ਕਿ ਅਸੀਂ ਉਸ ਪਰਮੇਸ਼ਰ ਨੂੰ ਰੱਦ ਰਹੇ ਹਾਂ ਜਿਸ ਨੇ **ਆਪਣਾ ਪਵਿੱਤਰ ਆਤਮਾ** ਸਾਨੂੰ ਦਿੱਤਾ ਹੈ। ਪਰਮੇਸ਼ਰ ਸਾਡੇ ਬਪਤਿਸਮੇ ਵੇਲੇ ਆਪਣਾ ਪਵਿੱਤਰ

ਆਤਮਾ ਸਾਨੂੰ ਦਿੰਦਾ ਹੈ (ਰਸੂਲਾਂ 2:38) ਅਤੇ ਫਿਰ ਆਪਣੇ ਆਤਮਾ ਨੂੰ ਸਾਡੇ ਅੰਦਰ ਵਾਸ ਕਰਨ ਲਈ "ਦਿੰਦਾ ਹੈ" ਜਾਂ ਇਜਾਜ਼ਤ ਦਿੰਦਾ ਹੈ (1 ਕੁਰਿੰਥੀਆਂ 6:11, 18–20)। ਪਰਮੇਸ਼ਰ ਦੁਆਰਾ ਲਗਾਤਾਰ ਸਾਡੇ ਅੰਦਰ ਨਿਵਾਸ ਕਰਨ ਲਈ ਦਿੱਤੇ ਗਏ ਪਵਿੱਤਰ ਆਤਮਾ ਦੇ ਰਹਿੰਦੇ ਹੋਏ ਅਜਿਹੇ ਪਾਪ ਕਰਨ ਦੀ ਸਾਡੀ ਮੂਰਖਤਾ ਵੱਲ ਪੌਲੁਸ ਇਸ਼ਾਰਾ ਕਰ ਰਿਹਾ ਸੀ। ਸਗੋਂ ਸਾਨੂੰ ਤਾਂ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਅਸੀਂ "ਪਵਿੱਤਰ ਆਤਮਾ ਨੂੰ ਉਦਾਸ" ਨਾ ਕਰੀਏ (ਅਫ਼ਸੀਆਂ 4:30)। ਕੀ ਅਸੀਂ ਇਸ ਭਿਆਣਕ ਪਾਪ ਦੇ ਦੋਸ਼ੀ ਹਾਂ?

## ਭਰੱਪਣ ਦੇ ਪ੍ਰੇਮ ਦੇ ਲਈ ਉਪਦੇਸ਼ (4:9-12)

**[9]ਪਰ ਭਰੱਪਣ ਦੇ ਪ੍ਰੇਮ ਦੇ ਵਿਖੇ ਤੁਹਾਨੂੰ ਕੁਝ ਲਿਖਣ ਦੀ ਲੋੜ ਨਹੀਂ ਕਿਉਂ ਜੋ ਤੁਸੀਂ ਆਪ ਇੱਕ ਦੂਏ ਨਾਲ ਪ੍ਰੇਮ ਕਰਨ ਨੂੰ ਪਰਮੇਸ਼ਰ ਦੇ ਸਿਖਾਏ ਹੋਏ ਹੋ। [10]ਤੁਸੀਂ ਤਾਂ ਉਨ੍ਹਾਂ ਸਭਨਾਂ ਭਾਈਆਂ ਨਾਲ ਜਿਹੜੇ ਸਾਰੇ ਮਕਦੂਨਿਯਾ ਵਿੱਚ ਹਨ ਅਜਿਹਾ ਹੀ ਕਰਦੇ ਭੀ ਹੋ। ਪਰ ਹੇ ਭਰਾਵੋ, ਅਸੀਂ ਤੁਹਾਨੂੰ ਤਗੀਦ ਕਰਦੇ ਹਾਂ ਜੋ ਤੁਸੀਂ ਹੋਰ ਭੀ ਵਧਦੇ ਚੱਲੇ ਜਾਓ। [11]ਅਤੇ ਜਿਵੇਂ ਅਸਾਂ ਤੁਹਾਨੂੰ ਹੁਕਮ ਦਿੱਤਾ ਸੀ ਤੁਸੀਂ ਚੁੱਪ ਚਾਪ ਰਹਿਣ ਅਤੇ ਆਪੋ ਆਪਣੇ ਕੰਮ ਧੰਦੇ ਕਰਨ ਅਤੇ ਆਪਣੇ ਹੱਥੀਂ ਮਿਹਨਤ ਕਰਨ ਦੀ ਧਾਰਨਾ ਧਾਰੋ। [12] ਭਈ ਤੁਸੀਂ ਬਾਹਰਲਿਆਂ ਲੋਕਾਂ ਦੇ ਸਾਹਮਣੇ ਭਲਮਣਸਊ ਨਾਲ ਚੱਲੋ ਅਤੇ ਕਿਸੇ ਦੇ ਅਰਥੀਏ ਨਾ ਹੋਵੋ।**

**ਆਇਤ 9. ਭਰੱਪਣ ਦੇ ਪ੍ਰੇਮ** ਸ਼ਬਦਾਂ ਦਾ ਅਨੁਵਾਦ ਯੂਨਾਨੀ ਦੇ ਸ਼ਬਦ φιλαδελφία (*ਫਿਲਾਡੇਲਫਿਆ*) ਤੋਂ ਕੀਤਾ ਗਿਆ ਹੈ, ਜਿਸ ਨੂੰ ਵੇਖਦਿਆਂ ਦੀ ਫ਼ਿਲਦਲਫ਼ੀਏ, "ਭਰਪੱਣ ਦੇ ਪ੍ਰੇਮ ਦਾ ਨਗਰ" ਦੀ ਯਾਦ ਆਉਂਦੀ ਹੈ। ਇਸ ਤਰ੍ਹਾਂ ਦੇ ਪ੍ਰੇਮ ਨੂੰ ਯੂਨਾਨੀ ਵਿੱਚ ਬਾਕੀ ਦੀਆਂ ਭਾਵਨਾਵਾਂ ਤੋਂ ਵੱਖਰਾ ਕੀਤਾ ਜਾਂਦਾ ਸੀ। ਇਹ ਅਜਿਹੀ ਭਾਵਨਾ ਸੀ, ਜਿਸ ਨੂੰ ਅਕਸਰ ਆਪਣੇ ਪਰਿਵਾਰ ਲਈ ਮਹਿਸੂਸ ਕੀਤਾ ਜਾਂਦਾ ਸੀ, ਅਜਿਹੀ ਭਾਵਨਾ ਜਿਹੜੀ ਆਮਤੌਰ ’ਤੇ ਸੁਭਾਵਕ ਹੁੰਦੀ ਸੀ। ਅਜਿਹਾ ਪ੍ਰੇਮ ਇੱਕ ਦੂਏ ਦੇ ਪ੍ਰਤੀ ਸਮਰਪਣ ਨੂੰ ਉਭਾਰਦਾ ਹੈ (ਰੋਮੀਆਂ 12:10 ਦੇ ਨਾਲ ਤੁਲਨਾ ਕਰੋ; ਇਬਰਾਨੀਆਂ 13:1)। ਪੌਲੁਸ ਨੇ ਆਖਿਆ ਕਿ ਉਸ ਨੂੰ ਥੱਸਲੁਨੀਕੀਆਂ ਨੂੰ ਇਸ ਪ੍ਰੇਮ ਬਾਰੇ **ਕੁਝ ਲਿਖਣ ਦੀ ਲੋੜ ਨਹੀਂ** ਸੀ ਕਿਉਂਕਿ ਇਸ ਵਿਸ਼ੇ ’ਤੇ ਉਹ ਆਪ ਹੀ **ਪਰਮੇਸ਼ਰ ਦੇ ਸਿਖਾਏ ਹੋਏ** ਸਨ। ਇਸ ਵਾਕ ਵਿੱਚ ਜ਼ਿਆਦਾ ਜ਼ੋਰ "ਲਿਖਣ" ਸ਼ਬਦ ’ਤੇ ਦਿੱਤਾ ਗਿਆ ਹੈ। ਇਸ ਪ੍ਰੇਮ ਬਾਰੇ ਉਨ੍ਹਾਂ ਨੂੰ "ਲਿਖਣ" ਦੀ ਲੋੜ ਨਹੀਂ ਸੀ, ਕਿਉਂਕਿ ਉਹ ਇਸ ਵਿਸ਼ੇ ’ਤੇ ਮੌਖਿਕ ਤੌਰ ’ਤੇ "ਪਰਮੇਸ਼ਰ ਦੇ ਸਿਖਾਏ ਹੋਏ" ਸਨ। ਇਹ ਤਾਂ ਸਪੱਸ਼ਟ ਹੀ ਹੈ ਕਿ ਪੌਲੁਸ ਇਹ ਨਹੀਂ ਆਖ ਰਿਹਾ ਸੀ ਕਿ ਪਰਮੇਸ਼ਰ ਨੇ ਉਨ੍ਹਾਂ ਨੂੰ ਸਿੱਧਾ ਦਰਸ਼ਣ ਦਿੱਤਾ ਸੀ। ਉਸ ਦੇ ਕਹਿਣ ਦਾ ਭਾਵ ਇਹ ਸੀ ਕਿ ਅਸਿੱਧੇ ਤੌਰ ’ਤੇ ਉਸ ਵੇਲੇ "ਪਰਮੇਸ਼ਰ ਦੇ ਸਿਖਾਏ" ਹੋਏ ਸਨ, ਜਿਸ ਵੇਲੇ ਪੌਲੁਸ ਥੱਸਲੁਨੀਕੇ ਵਿੱਚ ਸੀ ਅਤੇ ਪਰਮੇਸ਼ਰ ਵੱਲੋਂ ਉਨ੍ਹਾਂ ਨੂੰ ਸਿਖਾ ਰਿਹਾ ਸੀ। ਜਦ ਕੋਈ ਪ੍ਰੇਰਿਤ ਵਿਅਕਤੀ ਸਿਖਾਉਂਦਾ ਹੈ ਤਾਂ ਉਸ ਦੇ ਸ਼ਬਦ ਮਨੁੱਖ ਦੇ ਬਚਨ ਨਹੀਂ ਪਰ ਪਰਮੇਸ਼ਰ ਦੇ ਬਚਨ ਹੁੰਦੇ ਹਨ (2:13)। ਪਵਿੱਤਰ ਸ਼ਾਸਤਰ ਦਾ ਉਚਿਤ ਸੰਦਰਭ ਉਸ ਵਿੱਚ ਅੰਤਰ ਦੱਸਦਾ ਹੈ ਜੋ ਪ੍ਰੇਰਿਤ ਲੋਕ ਸਿਖਾਉਂਦੇ ਹਨ ਅਤੇ ਜੋ ਬਾਕੀ ਦੇ ਲੋਕ ਸਿਖਾਉਂਦੇ ਹਨ। ਅੱਜ ਦੇ ਸਮੇਂ ਵਿੱਚ ਕੁਝ ਧਾਰਮਿਕ ਲੋਕ ਇਸ ਅੰਤਰ ਨੂੰ ਸਿਆਣ ਨਹੀਂ ਪਾਉਂਦੇ। ਲਿਓਨ ਮੋਰਿਸ ਮੰਨਦੇ ਸਨ ਕਿ ਉਨ੍ਹਾਂ ਦੇ

ਅੰਦਰ ਰਹਿਣ ਵਾਲਾ ਆਤਮਾ ਉਨ੍ਹਾਂ ਨੂੰ ਸਿੱਧੇ ਤੌਰ ’ਤੇ ਸਿਖਾਉਂਦਾ ਹੈ,[8] ਪਰ ਅਜਿਹੇ ਲੋਕ ਰਸੂਲੀ ਪੱਤਰਾਂ ਨੂੰ ਬੇਕਾਰ ਘੋਸ਼ਿਤ ਕਰ ਦੇਣਗੇ!

**ਆਇਤ 10.** ਪੌਲੁਸ ਨੇ ਤਿਮੋਥਿਉਸ ਦੇ ਲਈ ਉਨ੍ਹਾਂ ਦੇ ਪ੍ਰੇਮ ਬਾਰੇ ਸੁਣਿਆ ਸੀ (3:6)। **ਮਕਦੂਨਿਯਾ** ਉਹ ਸੂਬਾ ਸੀ ਜਿਸ ਵਿੱਚ ਥੱਸਲੁਨੀਕੇ ਸਥਿਤ ਸੀ ਅਤੇ ਇਸ ਵਿੱਚ ਫਿਲਿਪੈ ਅਤੇ ਬਰਿਯਾ ਨਗਰ ਸ਼ਾਮਲ ਸਨ, ਜਿੱਥੇ ਪੌਲੁਸ ਨੇ ਮੰਡਲੀਆਂ ਸਥਾਪਤ ਕੀਤੀਆਂ ਸਨ ਅਤੇ ਜਿਨ੍ਹਾਂ ਦੇ ਨਾਲ ਥੱਸਲੁਨੀਕੇ ਦੇ ਭਾਈਆਂ ਦੇ ਚੰਗੇ ਸੰਬੰਧ ਸਨ। ਇਹ ਗੱਲ ਧਿਆਨ ਦੇਣ ਯੋਗ ਹੈ ਕੇ ਥੱਸਲੁਨੀਕੀ ਅਮੀਰਾਂ ਅਤੇ ਗਰੀਬਾਂ, ਪੜ੍ਹੇ ਲਿਖੇ ਅਤੇ ਅਨਪੜ੍ਹਾਂ, ਜਾਂ ਫਿਰ ਹੋਰ ਕਿਸੇ ਵੀ ਗੱਲ ਦਾ ਫਰਕ ਕੀਤੇ ਬਿਨਾ ਉੱਥੇ ਦੇ **ਸਭਨਾਂ ਭਾਈਆਂ ਨਾਲ** ਪ੍ਰੇਮ ਕਰਦੇ ਸਨ (ਗਲਾਤੀਆਂ 3:28 ਦੇ ਨਾਲ ਤੁਲਨਾ ਕਰੋ)। ਹਾਲਾਂਕਿ ਇਹ ਸੱਚ ਸੀ, ਪਰ ਫਿਰ ਵੀ ਪੌਲੁਸ ਨੂੰ ਲੱਗਾ ਕਿ ਉਸ ਨੂੰ **ਤਗੀਦ** ਕਰਨਾ ਚਾਹੀਦੀ ਹੈ ਕਿ ਉਹ ਪ੍ਰੇਮ ਵਿੱਚ **ਹੋਰ ਭੀ ਵਧਦੇ ਚੱਲੇ** ਜਾਣ, ਅਰਥਾਤ ਭਾਈਆਂ ਦੇ ਨਾਲ ਇਸ ਪ੍ਰੇਮ ਵਿੱਚ ਵਧਦੇ ਜਾਣ। “ਤਾਗੀਦ” ਫਿਰ ਤੋਂ παρακαλέω (*ਪੈਰਾਕਾਲੇਓ*) ਦਾ ਹੀ ਰੂਪ ਹੈ। (3:7 ਦੀ ਚਰਚਾ ਵੇਖੋ।)

ਅੱਜ ਅਸੀਂ ਆਪਣੇ ਭਾਈਆਂ ਨੂੰ ਕਿੰਨਾ ਪ੍ਰੇਮ ਕਰਦੇ ਹਾਂ? ਰਸੂਲ ਪੌਲੁਸ ਦੇ ਸ਼ਬਦ ਸਾਨੂੰ ਉਕਸਾਉਂਦੇ ਹਨ ਕਿ ਅਸੀਂ “ਹੋਰ ਭੀ ਵਧਦੇ ਚੱਲੇ” ਜਾਈਏ, ਕਿਉਂਕਿ ਅਸੀਂ ਅਜਿਹਾ ਪ੍ਰੇਮ ਅਜੇ ਤੱਕ ਨਹੀਂ ਕੀਤਾ ਹੈ ਜਿਹੋ ਜਿਹਾ ਸਾਡਾ ਸੁਰਗੀ ਪਿਤਾ ਕਰਦਾ ਹੈ ਅਤੇ ਸਾਡਾ ਮਾਨਕ ਉਹੀ ਹੈ (ਮੱਤੀ 5:48)। ਇਹ ਵੀ ਚੇਤੇ ਰੱਖਿਆ ਜਾਣਾ ਚਾਹੀਦਾ ਹੈ ਕਿ ਇਹ “ਹੋਰ ਭੀ ਵਧਦੇ ਚੱਲੇ” ਜਾਣਾ ਆਇਤ 1 ਦੇ “ਹੋਰ ਭੀ ਵਧਦੇ ਚੱਲੇ” ਜਾਓ ਦਾ ਸਮਾਂਤਰ ਹੈ। ਪੌਲੁਸ, ਪਵਿੱਤਰ ਆਤਮਾ ਦੀ ਅਗਵਾਈ ਵਿੱਚ, ਚਿੰਤਾ ਕਰ ਰਿਹਾ ਸੀ ਕਿ ਮਸੀਹੀ ਲਗਾਤਾਰ ਆਤਮਕ ਤਰੱਕੀ ਕਰਦੇ ਜਾਣ। ਇਸ ਦਾ ਅਰਥ ਹੈ ਕਿ ਸਾਨੂੰ ਵੀ ਆਪਣੀ ਆਤਮਕ ਤਰੱਕੀ ਦੀ ਚਿੰਤਾ ਕਰਨ ਦੀ ਲੋੜ ਹੈ।

**ਆਇਤ 11.** ਇਸ ਆਇਤ ਵਿੱਚ ਦਿੱਤੇ ਗਏ ਰਸੂਲੀ ਨਿਰਦੇਸ਼ਾਂ ਦੀਆਂ ਤਿੰਨ ਗੱਲਾਂ ਥੱਸਲੁਨੀਕੀਆਂ ਦੇ ਸਮਾਜ ਲਈ ਲੋੜੀਂਦੀਆਂ ਸਨ। ਬਾਈਬਲ ਤੋਂ ਬਾਹਰ ਦੇ ਕੁਝ ਪ੍ਰਮਾਣ ਇਸ਼ਾਰਾ ਕਰਦੇ ਹਨ ਕਿ ਥੱਸਲੁਨੀਕੀ ਲੋਕ ਬੇਚੈਨ, ਬੇਕਾਬੂ ਅਤੇ ਅਸਾਨੀ ਨਾਲ ਗੁੱਸੇ ਹੋ ਜਾਣ ਵਾਲੇ ਲੋਕ ਸਨ। ਇਹ ਵੇਰਵਾ ਇਸ ਗੱਲ ਨਾਲ ਵੀ ਢੁਕਵਾਂ ਬੈਠਦਾ ਹੈ ਕਿ ਉਹ ਆਪਣੇ ਕੰਮ-ਕਾਜ ਛੱਡ ਕੇ παρουσία (*ਪਾਰੋਸੀਆ*), ਅਰਥਾਤ ਦੂਜੀ ਆਮਦ ਦੀ ਉਡੀਕ ਕਰ ਰਹੇ ਸਨ (ਜਿਵੇਂ ਕਿ 2 ਥੱਸਲੁਨੀਕੀਆਂ 3:1–15 ਵਿੱਚ ਆਖਿਆ ਗਿਆ ਹੈ)।

ਪਹਿਲਾ, ਪੌਲੁਸ ਨੇ ਉਨ੍ਹਾਂ ਨੂੰ ਆਖਿਆ ਕਿ ਇਸ ਸੰਸਾਰੀ ਤੌਰ-ਤਰੀਕੇ ਨੂੰ ਛੱਡ ਕੇ ਪਹਿਲਾਂ **ਤੁਸੀਂ ਚੁੱਪ ਚਾਪ ਰਹਿਣ . . . ਦੀ ਧਾਰਨਾ ਧਾਰੋ**। ਅਸਲ ਸ਼ਬਦ ਦਾ ਵਧੇਰੇ ਸ਼ਾਬਦਿਕ ਅਨੁਵਾਦ ਇਹ ਹੋਵੇਗਾ ਕਿ “ਚੁੱਪ ਰਹਿਣ ਦਾ ਅਥੱਕ ਜਤਨ ਕਰੋ।” NEB ਆਖਦੀ ਹੈ ਕਿ ਉਹ ਹਮੇਸ਼ਾ ਬੇਚੈਨ ਰਹਿਣ ਦੀ ਬਜਾਇ ਆਪਣੇ ਆਪ ਨੂੰ “ਸ਼ਾਂਤ” ਰੱਖਣ ਦਾ ਜਤਨ ਕਰਨ (ਵੇਖੋ ਫ਼ਿਲਿੱਪੀਆਂ 4:4–7)। ਦੂਜਾ, ਉਨ੍ਹਾਂ ਨੂੰ ਆਖਿਆ ਗਿਆ ਕਿ ਉਹ **ਆਪੋ ਆਪਣੇ ਕੰਮ ਧੰਦੇ ਕਰਨ** (“ਆਪਣੇ ਕੰਮ ਵੱਲ ਧਿਆਨ ਦੇਣ”; NIV) ਬਜਾਇ ਇਸ ਦੇ ਕਿ ਦੂਜਿਆਂ ਦੇ ਕੰਮ ਵਿੱਚ ਲੱਤ ਫਸਾਉਣ (1 ਪਤਰਸ 4:15 ਨਾਲ ਤੁਲਨਾ ਕਰੋ)। ਤੀਜਾ, ਜਿਹੜਾ ਵਿਅਕਤੀ ਆਪਣੇ ਕੰਮ ਵਿੱਚ ਰੁੱਝਿਆ ਰਹਿੰਦਾ ਹੈ ਉਹ ਦੂਜਿਆਂ ਦੇ ਕੰਮ ਵਿੱਚ ਦਖਲਅੰਦਾਜੀ ਘੱਟ ਹੀ ਕਰਦਾ ਹੈ, ਉਸ ਨੇ ਉਨ੍ਹਾਂ ਨੂੰ ਚੇਤੇ ਕਰਾਇਆ ਕਿ ਜਦ ਉਹ ਆਪ ਉਨ੍ਹਾਂ ਦੇ ਕੋਲ ਸੀ ਤਾਂ ਉਸ ਨੇ ਉਨ੍ਹਾਂ ਨੂੰ **ਹੁਕਮ ਦਿੱਤਾ ਸੀ** ਕਿ ਉਹ **ਆਪਣੇ ਹੱਥੀਂ ਮਿਹਨਤ**

**ਕਰਨ।** ਉਹ ਆਖ ਰਿਹਾ ਸੀ ਕਿ ਮਸੀਹੀਆਂ ਨੂੰ ਆਪਣੀ ਰੋਜੀ-ਰੋਟੀ ਕਮਾਉਣ ਵਿੱਚ ਅਤੇ ਥੋੜ੍ਹਾ ਵਧੇਰੇ ਪੈਸਾ ਕਮਾਉਣ ਵਿੱਚ ਰੁੱਝੇ ਰਹਿਣਾ ਚਾਹੀਦਾ ਹੈ, ਤਾਂ ਜੋ ਉਹ ਲੋੜਵੰਦਾਂ ਦੀ ਮਦਦ ਕਰ ਸਕੇ। ਜੇਕਰ ਉਹ ਆਪਣੇ ਕੰਮ ਵਿੱਚ ਰੁੱਝਾ ਰਹੇਗਾ ਤਾਂ ਉਹ ਦੂਜਿਆਂ ਦੇ ਮਾਮਲੇ ਵਿੱਚ ਆਪਣੀ ਲੱਤ ਫਸਾਉਣ ਦੀ ਪ੍ਰੀਖਿਆ ਵਿੱਚ ਨਹੀਂ ਪਵੇਗਾ।

ਜਿਵੇਂ ਕਿ ਪਹਿਲਾਂ ਵੀ ਵੇਖਿਆ ਗਿਆ ਹੈ, ਪੌਲੁਸ ਨੇ ਉਸ ਸੱਚਾਈ ਨੂੰ ਉਨ੍ਹਾਂ ਦੇ ਨਾਲ ਰਹਿੰਦਿਆਂ ਸਿਖਾਇਆ ਸੀ, ਪਰ ਇਹ ਸਪੱਸ਼ਟ ਸੀ ਕਿ ਕੁਝ ਲੋਕ ਉਸ ਦਾ ਅਭਿਆਸ ਨਹੀਂ ਕਰ ਰਹੇ ਸਨ। ਬਾਅਦ ਵਿੱਚ ਅਸੀਂ ਵੇਖਦੇ ਹਾਂ ਕਿ ਉਨ੍ਹਾਂ ਵਿੱਚੋਂ ਕੁਝ ਲੋਕ, ਪੌਲੁਸ ਦੀ ਸਿੱਖਿਆ ਦਾ ਗਲਤ ਅਰਥ ਕੱਢ ਕੇ, ਇਹ ਸਮਝਣ ਲੱਗ ਪਏ ਸਨ ਕਿ ਮਸੀਹ ਉਨ੍ਹਾਂ ਦੀ ਪੀੜ੍ਹੀ ਵਿੱਚ ਹੀ ਵਾਪਿਸ ਆਵੇਗਾ। ਇਸ ਕਰਕੇ ਉਨ੍ਹਾਂ ਨੇ ਕੰਮ-ਧੰਦੇ ਛੱਡ ਦਿੱਤੇ ਸਨ ਅਤੇ ਵੇਹਲੇ ਦਖਲਅੰਦਾਜ ਬਣ ਗਏ ਸਨ ਅਤੇ ਦੂਜਿਆਂ ਦਿਆਂ ਮਾਮਲਿਆਂ ਵਿੱਚ ਲੱਤ ਫਸਾਉਂਦੇ ਰਹਿੰਦੇ ਸਨ (2 ਥੱਸਲੁਨੀਕੀਆਂ 3:6–12)। ਇਸ ਤਰ੍ਹਾਂ ਦਾ ਵਿਹਾਰ ਦੋ ਕਾਰਨਾਂ ਕਰਕੇ ਗਲਤ ਹੈ। ਜਦਕਿ ਸਾਡੇ ਵਿੱਚ ਆਪਣੀ ਦੇਖਭਾਲ ਕਰਨ ਦੀ ਸਮਰੱਥਾ ਹੈ ਤਾਂ ਦੂਜਿਆਂ ’ਤੇ ਨਿਰਭਰ ਹੋਣਾ ਗਲਤ ਹੈ (2 ਥੱਸਲੁਨੀਕੀਆਂ 3:10) ਅਤੇ ਵੇਹਲੇ ਦਖਲਅੰਦਾਜ ਹੋਣਾ ਵੀ ਗਲਤ ਹੈ (2 ਥੱਸਲੁਨੀਕੀਆਂ 3:11)। ਸਾਨੂੰ ਆਪ ਵੀ ਇਸ ਬੁਨਿਆਦੀ ਮਨੁੱਖੀ ਸਿਧਾਂਤ ਦੀ ਪਾਲਣਾ ਕਰਨੀ ਹੈ ਅਤੇ ਦੂਜਿਆਂ ਨੂੰ ਇਸ ਦੀ ਪਾਲਣਾ ਕਰਨਾ ਸਿਖਾਉਣਾ ਹੈ, ਨਿੱਜੀ ਤੌਰ ’ਤੇ ਵੀ ਅਤੇ ਪੂਰੀ ਕਲੀਸਿਯਾ ਦੇ ਤੌਰ ’ਤੇ ਵੀ। ਹਾਂ, ਇਹ ਤੱਥ ਇਸ ਗੱਲ ਨੂੰ ਨਹੀਂ ਨਕਾਰਦਾ ਕਿ ਮਸੀਹੀਆਂ ਨੂੰ ਗਰੀਬਾਂ, ਰੋਗੀਆਂ ਅਤੇ ਬੇਸਹਾਰਿਆਂ ਦੀ ਮਦਦ ਕਰਨੀ ਹੈ (ਯਾਕੂਬ 2:14–17 ਨਾਲ ਤੁਲਨਾ ਕਰੋ)।

**ਆਇਤ 12.** ਇਸ ਤਰ੍ਹਾਂ ਦੀ ਜੀਵਨਸ਼ੈਲੀ ਮਸੀਹੀਆਂ ਦੁਆਰਾ ਅਪਣਾਈ ਜਾਣੀ ਚਾਹੀਦੀ ਹੈ, ਤਾਂ ਜੋ **ਬਾਹਰਲਿਆਂ ਲੋਕਾਂ ਦੇ ਸਾਹਮਣੇ ਭਲਮਣਸਊ ਨਾਲ ਚੱਲੀਏ।** “ਭਲਮਣਸਊ” ਇੱਕ “ਪੁਰਾਣਾ ਕਿਰਿਆ ਵਿਸ਼ੇਸ਼ਣ ਹੈ ਜੋ [εὐσχήμων] *ਯੂਸਖੇਮੋਨ* (*ਯੂਸਖੇਮਾ*, ਲਾਤੀਨੀ *ਹੈਬੀਟੁਸ,* ਸੋਹਣਾ ਰੂਪ) ਤੋਂ ਹੈ, ਜਿਸ ਦਾ ਅਰਥ ਢੁਕਵਾਂ ਜਾਂ ਸੁੱਘੜ ਵੀ ਹੋ ਸਕਦਾ ਹੈ।”[9]

ਜਦ ਗੈਰ-ਮਸੀਹੀ ਸਾਨੂੰ ਸੁਚੱਜੇ ਢੰਗ ਨਾਲ ਵਿਹਾਰ ਕਰਦੇ ਵੇਖਦੇ ਹਨ, ਤਾਂ ਸਾਨੂੰ ਉਨ੍ਹਾਂ ਤੋਂ ਇੱਜ਼ਤ ਮਿਲਦੀ ਹੈ। ਜੋ ਵਿਅਕਤੀ ਆਖਦਾ ਹੈ, “ਮੈਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਕਿ ਲੋਕ ਕੀ ਸੋਚਦੇ ਹਨ,” ਉਸ ਵਿੱਚ ਮਸੀਹੀ ਆਤਮਾ ਨਹੀਂ ਹੈ। ਪੌਲੁਸ ਨੇ ਨਿਸ਼ਚਿਤ ਤੌਰ ’ਤੇ ਸਾਨੂੰ ਦਰਸਾਇਆ ਕਿ ਸਾਨੂੰ ਇਸ ਗੱਲ ਦੀ ਪਰਵਾਹ ਕਰਨੀ ਹੈ ਕਿ ਲੋਕ ਕੀ ਸੋਚਦੇ ਹਨ, ਤਾਂ ਜੋ ਅਸੀਂ ਉਨ੍ਹਾਂ ਤੋਂ ਇੱਜ਼ਤ “ਪ੍ਰਾਪਤ” ਕਰ ਸਕੀਏ ਅਤੇ ਫਿਰ ਉਨ੍ਹਾਂ ਵਿੱਚੋਂ ਕੁਝ ਨੂੰ ਮਸੀਹ ਲਈ ਜਿੱਤ ਸਕੀਏ। ਉਸ ਨੇ ਧਾਰ ਲਿਆ ਸੀ ਕਿ “ਮੈਂ ਸਭਨਾਂ ਲਈ ਸਭ ਕੁਝ ਬਣਿਆ ਹਾਂ ਤਾਂ ਜੋ ਮੈਂ ਹਰ ਤਰਾਂ ਨਾਲ ਕਈਆਂ ਨੂੰ ਬਚਾਵਾਂ” (1 ਕੁਰਿੰਥੀਆਂ 9:22)। ਮਸੀਹ ਲਈ ਅਤੇ ਪਰਿਪੱਕ ਮਸੀਹੀਆਂ ਲਈ ਇਸ ਤੋਂ ਵਧ ਮਹੱਤਵਪੂਰਣ ਹੋਰ ਕੁਝ ਨਹੀਂ ਕਿ ਲੋਕਾਂ ਨੂੰ ਪਰਮੇਸ਼ਰ ਲਈ ਜਿੱਤਿਆ ਜਾਵੇ। ਸਰਿਸ਼ਟੀ ਦੇ ਇਖਤਿਆਰ ਤੋਂ ਸਭ ਲੋਕ ਪਰਮੇਸ਼ਰ ਦੇ ਹਨ।

ਇੱਕ ਹੋਰ ਕਾਰਨ, ਕਿ ਮਸੀਹੀਆਂ ਨੂੰ ਆਪਣੇ “ਕੰਮ ਧੰਦੇ ਕਰਨੇ” (ਆਇਤ 11) ਹਨ, ਇਹ ਹੈ ਕਿ ਅਸੀਂ **ਕਿਸੇ ਦੇ ਅਰਥੀਏ ਨਾ** ਹੋਈਏ (ਆਇਤ 11 ਦੀ ਚਰਚਾ ਨੂੰ ਵੇਖੋ)।

## ਮਸੀਹ ਦੀ ਦੂਜੀ ਆਮਦ ਬਾਰੇ ਸਿੱਖਿਆ (4:13-18)

**[13]ਹੇ ਭਰਾਵੋ, ਅਸੀਂ ਨਹੀਂ ਚਾਹੁੰਦੇ ਜੋ ਤੁਸੀਂ ਉਨ੍ਹਾਂ ਦੀ ਵਿਥਿਆ ਤੋਂ ਜਿਹੜੇ ਸੁੱਤੇ ਪਏ
ਹਨ ਅਣਜਾਣ ਰਹੋ ਭਈ ਤੁਸੀਂ ਹੋਰਨਾਂ ਵਾਂਙੁ ਜਿਨ੍ਹਾਂ ਨੂੰ ਕੋਈ ਆਸ ਨਹੀਂ ਸੋਗ ਨਾ ਕਰੋ।
[14]ਕਿਉਂਕਿ ਜੇ ਸਾਨੂੰ ਇਹ ਪਰਤੀਤ ਹੋਈ ਹੈ ਭਈ ਯਿਸੂ ਮੋਇਆ ਅਤੇ ਫੇਰ ਜੀ ਉੱਠਿਆ
ਤਾਂ ਇਸੇ ਤਰਾਂ ਪਰਮੇਸ਼ਰ ਉਨ੍ਹਾਂ ਨੂੰ ਵੀ ਜਿਹੜੇ ਯਿਸੂ ਵਿੱਚ ਸੌਂ ਗਏ ਹਨ ਉਹ ਦੇ ਨਾਲ
ਲਿਆਵੇਗਾ। [15]ਅਸੀਂ ਪ੍ਰਭੂ ਦੇ ਬਚਨ ਦੇ ਅਨੁਸਾਰ ਤੁਹਾਨੂੰ ਇਹ ਆਖਦੇ ਹਾਂ ਭਈ ਅਸੀਂ
ਜਿਹੜੇ ਜੀਉਂਦੇ ਅਤੇ ਪ੍ਰਭੂ ਦੇ ਆਉਣ ਤੀਕ ਬਾਕੀ ਰਹਿੰਦੇ ਹਾਂ ਸੋ ਓਹਨਾਂ ਤੋਂ ਜਿਹੜੇ ਸੌਂ
ਗਏ ਹਨ ਕਦੀ ਅਗੇਤ੍ਰੇ ਨਾ ਹੋਵਾਂਗੇ। [16]ਇਸ ਲਈ ਜੋ ਪ੍ਰਭੂ ਆਪ ਲਲਕਾਰੇ ਨਾਲ, ਮਹਾਂ
ਦੂਤ ਦੀ ਅਵਾਜ਼ ਨਾਲ ਅਤੇ ਪਰਮੇਸ਼ਰ ਦੀ ਤੁਰ੍ਹੀ ਨਾਲ ਸੁਰਗ ਤੋਂ ਉਤਰੇਗਾ ਅਤੇ
ਜਿਹੜੇ ਮਸੀਹ ਵਿੱਚ ਹੋ ਕੇ ਮੋਏ ਹਨ ਓਹ ਪਹਿਲਾਂ ਜੀ ਉੱਠਣਗੇ। [17]ਤਦ ਅਸੀਂ ਜਿਹੜੇ
ਜੀਉਂਦੇ ਅਤੇ ਬਾਕੀ ਰਹਿੰਦੇ ਹਾਂ ਓਹਨਾਂ ਦੇ ਨਾਲ ਹੀ ਹਵਾ ਵਿੱਚ ਪ੍ਰਭੂ ਦੇ ਮਿਲਣ ਨੂੰ
ਬੱਦਲਾਂ ਉੱਤੇ ਅਚਾਣਕ ਉਠਾਏ ਜਾਵਾਂਗੇ ਅਤੇ ਇਸੇ ਤਰਾਂ ਅਸੀਂ ਸਦਾ ਪ੍ਰਭੂ ਦੇ ਸੰਗ
ਰਹਾਂਗੇ। [18]ਸੋ ਤੁਸੀਂ ਇਨ੍ਹਾਂ ਗੱਲਾਂ ਨਾਲ ਇੱਕ ਦੂਏ ਨੂੰ ਤਸੱਲੀ ਦਿਓ।**

**ਆਇਤ 13.** ਪੌਲੁਸ ਉਨ੍ਹਾਂ ਉੱਤੇ "ਅਣਜਾਣ" (KJV) ਹੋਣ ਦਾ ਦੋਸ਼ ਨਹੀਂ ਲਗਾ ਰਿਹਾ ਸੀ। **ਅਣਜਾਣ ਰਹੋ** ਇੱਕ ਬਿਹਤਰ ਅਨੁਵਾਦ ਹੈ। ਇਸ ਕਰਕੇ ਉਹ ਇਸ ਪੱਤਰ ਵਿੱਚ ਉਨ੍ਹਾਂ ਨੂੰ ਉਹ ਲੋੜੀਂਦੀ ਜਾਣਕਾਰੀ ਦੇ ਰਿਹਾ ਸੀ ਜਿਸ ਦੀ ਉਨ੍ਹਾਂ ਨੂੰ ਲੋੜ ਸੀ—ਇਹ ਜਾਣਕਾਰੀ ਮਸੀਹ ਦੀ ਦੂਜੀ ਆਮਦ ਬਾਰੇ ਸੀ। ਹੋਰ ਵਿਸ਼ੇਸ਼ ਤੌਰ 'ਤੇ ਪੌਲੁਸ ਥੱਸਲੁਨੀਕੀਆਂ ਦੀ ਉਨ੍ਹਾਂ ਬਾਰੇ ਸਮਝਣ ਵਿੱਚ ਮਦਦ ਕਰ ਰਿਹਾ ਸੀ **ਜਿਹੜੇ ਸੁੱਤੇ ਪਏ ਹਨ**। "ਸੁੱਤੇ ਪਏ" ਦਰਅਸਲ ਮੌਤ ਲਈ ਇਸਤੇਮਾਲ ਕੀਤਾ ਗਿਆ ਸ਼ਬਦ ਹੈ।

ਉਨ੍ਹਾਂ ਦੇ ਕੁਝ ਪਿਆਰੇ ਮਰ ਚੁੱਕੇ ਸਨ। ਉਹ ਨਾ ਕੇਵਲ ਇਸ ਘਾਟੇ ਨੂੰ ਲੈ ਕੇ ਦੁਖੀ ਸਨ, ਪਰ ਇਸ ਕਰਕੇ ਵੀ ਕਿ ਪੌਲੁਸ ਦੇ ਉੱਥੇ ਉਨ੍ਹਾਂ ਦੇ ਨਾਲ ਹੁੰਦਿਆਂ ਉਹ ਮਸੀਹ ਦੀ ਦੂਜੀ ਆਮਦ ਬਾਰੇ ਦਿੱਤੀ ਗਈ ਉਸ ਦੀ ਸਿੱਖਿਆ ਦੇ ਕੁਝ ਹਿੱਸੇ ਦਾ ਗਲਤ ਅਰਥ ਕੱਢ ਬੈਠੇ ਸਨ। ਉਹ ਇਸ ਗੱਲ ਨੂੰ ਠੀਕ ਤਰ੍ਹਾਂ ਸਮਝ ਚੁੱਕੇ ਸਨ ਕਿ ਇਹ ਇੱਕ ਪਰਤਾਪੀ ਘਟਨਾ ਹੋਵੇਗੀ, ਜਿਸ ਵਿੱਚ ਵਿਸ਼ਵਾਸਯੋਗ ਵਿਸ਼ਵਾਸੀਆਂ ਨੂੰ ਮਸੀਹ ਦੇ ਨਾਲ ਹਮੇਸ਼ਾ ਲਈ ਰਹਿਣ ਵਾਸਤੇ ਲੈ ਜਾਇਆ ਜਾਵੇਗਾ। ਪਰ ਉਹ ਇਸ ਗੱਲ ਨੂੰ ਗਲਤ ਸਮਝ ਬੈਠੇ ਸਨ ਕਿ ਇਹ ਸਭ ਤੁਰੰਤ ਉਨ੍ਹਾਂ ਦੇ ਸਾਹਮਣੇ, ਉਨ੍ਹਾਂ ਦੀ ਮੌਤ ਤੋਂ ਪਹਿਲਾਂ ਹੋਵੇਗਾ। ਇਸ ਦੀ ਬਜਾਇ, ਪੌਲੁਸ ਉਨ੍ਹਾਂ ਨੂੰ ਛੱਡ ਕੇ ਚਲਿਆ ਗਿਆ ਸੀ ਅਤੇ ਮਸੀਹ ਵਾਪਿਸ ਨਹੀਂ ਆਇਆ ਸੀ ਅਤੇ ਹੁਣ ਉਨ੍ਹਾਂ ਦੇ ਕੁਝ ਪਿਆਰੇ ਮਰ ਚੁੱਕੇ ਸਨ। ਉਨ੍ਹਾਂ ਨੂੰ ਡਰ ਸੀ ਕਿ ਇਨ੍ਹਾਂ ਪਿਆਰਿਆਂ ਨੂੰ ਮਸੀਹ ਦੀ ਪਰਤਾਪੀ ਵਾਪਸੀ ਵਿੱਚ ਹਿੱਸਾ ਲੈਣ ਦਾ ਮੌਕਾ ਨਹੀਂ ਮਿਲੇਗਾ। ਇਸ ਕਰਕੇ, ਤਿਮੋਥਿਉਸ ਦੁਆਰਾ ਪੌਲੁਸ ਕੋਲ ਲਿਆਂਦੀ ਗਈ ਖ਼ਬਰ ਦੇ ਅਨੁਸਾਰ, ਉਹ ਇਨ੍ਹਾਂ ਪਿਆਰਿਆਂ ਦੇ ਲਈ ਬਹੁਤ ਜ਼ਿਆਦਾ ਦੁਖੀ ਸਨ (3:6)।

ਪੌਲੁਸ ਨੇ ਉਨ੍ਹਾਂ ਨੂੰ ਆਖਿਆ ਕਿ ਉਹ **ਸੋਗ** ਨਾ ਕਰਨ। "ਸੋਗ," ਯੂਨਾਨੀ ਦੇ ਸ਼ਬਦ λυπῆσθε (*ਲੁਪੇਸਥੇ*) ਤੋਂ ਹੈ, ਜੋ λυπέω (*ਲੁਪੇਓ*) ਦਾ ਵਰਤਮਾਨ ਕਲਪਨਾਵਾਚਕ ਰੂਪ ਹੈ, ਜੋ "ਨਿਰੰਤਰ ਚੱਲਣ ਵਾਲੇ ਸੋਗ" ਨੂੰ ਦਰਸਾਉਂਦਾ ਹੈ। ਅਜਿਹਾ ਸੋਗ ਉਨ੍ਹਾਂ ਨੂੰ ਹੀ ਫੱਬਦਾ ਹੈ **ਜਿਨ੍ਹਾਂ ਨੂੰ ਕੋਈ ਆਸ ਨਹੀਂ**। ਇਨ੍ਹਾਂ ਅਵਿਸ਼ਵਾਸੀਆਂ ਜਾਂ "ਬਾਹਰਲਿਆਂ" (4:12), ਕੋਲ

ਪਾਪ ਤੋਂ ਸਦੀਪਕ ਛੁਟਕਾਰੇ ਦੀ "ਕੋਈ ਆਸ ਨਹੀਂ" ਸੀ ਅਤੇ ਇਸ ਕਰਕੇ ਸਦੀਪਕ ਜੀਵਨ ਦੀ ਵੀ "ਕੋਈ ਆਸ ਨਹੀਂ" ਸੀ (ਰੋਮੀਆਂ 8:21 ਨਾਲ ਤੁਲਨਾ ਕਰੋ; ਅਫ਼ਸੀਆਂ 2:12)। ਇਹ ਆਖ ਕੇ ਪੌਲੁਸ ਨੇ ਹਰ ਤਰ੍ਹਾਂ ਦੇ ਸੋਗ ਦੀ ਮਨਾਹੀ ਨਹੀਂ ਕੀਤੀ ਹੈ। ਪਰ ਉਸ ਨੇ ਇਹ ਇਸ਼ਾਰਾ ਜ਼ਰੂਰ ਕੀਤਾ ਹੈ ਕਿ ਵਿਸ਼ਵਾਸੀਆਂ ਲਈ ਸੋਗ ਵਿੱਚ ਇਸ ਤਰ੍ਹਾਂ ਭਰ ਜਾਣਾ ਉੱਚਿਤ ਨਹੀਂ ਹੈ, ਜਿਵੇਂ ਕਿ ਉਨ੍ਹਾਂ ਨੂੰ "ਕੋਈ ਆਸ ਨਾ" ਹੋਵੇ। ਅਜਿਹਾ ਸੋਗ ਕੇਵਲ ਅਵਿਸ਼ਵਾਸੀਆਂ ਨੂੰ ਹੀ ਫੱਬਦਾ ਹੈ।

**ਆਇਤ 14. ਕਿਉਂਕਿ ਜੇ ਸਾਨੂੰ ਇਹ ਪਰਤੀਤ ਹੋਈ ਹੈ ਭਈ ਯਿਸੂ ਮੋਇਆ ਅਤੇ ਫੇਰ ਜੀ ਉੱਠਿਆ** ਜਾਂ ਤਾਂ ਯਿਸੂ ਦੀ ਮੌਤ ਜਾਂ ਜੀ ਉੱਠਣ ਸੰਬੰਧੀ ਕਿਸੇ ਸ਼ੱਕ ਵੱਲ ਇਸ਼ਾਰਾ ਨਹੀਂ ਕਰਦਾ ਹੈ, ਕਿਉਂਕਿ ਕਈ ਵਾਰ "ਜੇ" ਦਾ ਅਰਥ "ਕਿਉਂਕਿ" ਹੁੰਦਾ ਹੈ ਜਿਵੇਂ ਕਿ ਇਸ ਮਾਮਲੇ ਵਿੱਚ ਹੈ। ਦਰਅਸਲ, ਪੌਲੁਸ ਨੇ ਕਿਹਾ ਹੈ ਕਿ ਕਿਉਂਕਿ ਅਸੀਂ ਮਸੀਹ ਦੀ ਮੌਤ ਅਤੇ ਜੀ ਉੱਠਣ ਵਿੱਚ ਵਿਸ਼ਵਾਸ ਕਰਦੇ ਹਾਂ, ਅਸੀਂ ਉਨ੍ਹਾਂ ਮਸੀਹੀ ਲੋਕਾਂ ਦੇ ਜੀ ਉੱਠਣ ਵਿੱਚ ਵੀ ਵਿਸ਼ਵਾਸ ਕਰਦੇ ਹਾਂ ਜਿਹੜੇ ਹੁਣ ਯਿਸੂ ਵਿੱਚ **ਸੌਂ ਗਏ ਹਨ**। ਕਿਉਂਕਿ ਇੱਕ ਹੋਰ ਥਾਂ ਤੇ ਉਸ ਨੇ ਕਿਹਾ ਹੈ ਕਿ ਮਸੀਹ ਜੀ ਉੱਠਣ ਦਾ ਇਕਮਾਤਰ "ਪਹਿਲਾ ਫਲ" ਹੈ (1 ਕੁਰਿੰਥੀਆਂ 15:23)। "ਪਹਿਲਾ ਫਲ" ਸ਼ਬਦ ਸੰਕੇਤ ਦਿੰਦਾ ਹੈ ਕਿ ਹੋਰ ਲੋਕ ਵੀ ਮਸੀਹ ਵਿੱਚ ਜੀ ਉੱਠਣਗੇ ਅਰਥਾਤ "ਜਿਹੜੇ ਮਸੀਹ ਦੇ ਹਨ" (1 ਕੁਰਿੰਥੀਆਂ 15:23)।[10]

ਪੌਲੁਸ ਨੇ ਕਿਹਾ ਹੈ ਕਿ ਮਸੀਹੀ ਲੋਕ ਜਿਹੜੇ ਜੀ ਉੱਠਣਗੇ ਜਿਵੇਂ ਮਸੀਹ ਜੀ ਉੱਠਿਆ ਸੀ **ਪਰਮੇਸ਼ੁਰ** ਦੁਆਰਾ ਪ੍ਰਭਾਵਿਤ ਹੋਣਗੇ ਜਿਹੜਾ ਮਸੀਹ ਨੂੰ ਇਨ੍ਹਾਂ [ਜੀ ਉੱਠੇ ਮਸੀਹੀ ਲੋਕਾਂ] ਨੂੰ **ਉਹ ਦੇ ਨਾਲ** ਲਿਆਉਣ ਦਾ ਸਬੱਬ ਬਣੇਗਾ। ਸ਼ਾਇਦ ਕੋਈ ਇਹ ਸਵਾਲ ਕਰ ਸਕਦਾ ਹੈ ਕਿ "ਕੀ ਉਹ 'ਉਹ ਦੇ ਨਾਲ' ਹੋਣਗੇ ਜਦੋਂ ਉਹ ਆਪਣੀ ਦੂਜੀ ਆਮਦ ਵਿੱਚ *ਹੇਠਾਂ ਧਰਤੀ ਉੱਤੇ ਵਾਪਸ ਆਵੇਗਾ?"* ਜਾਂ "ਕੀ ਉਹ 'ਉਹ ਦੇ ਨਾਲ' ਹੋਣਗੇ ਜਦੋਂ ਉਹ *ਸਵਰਗ ਵਿੱਚ ਵਾਪਸ ਜਾਵੇਗਾ?"* ਮੌਰਿਸ ਨੇ ਇਹ ਸਿੱਟਾ ਕੱਢਿਆ ਹੈ ਕਿ ਮਸੀਹੀ ਲੋਕ ਮਸੀਹ ਦੇ ਨਾਲ ਹੋਣਗੇ ਜਦੋਂ ਉਹ ਹੇਠਾਂ ਧਰਤੀ ਉੱਤੇ ਆਵੇਗਾ, ਕਿਉਂਕਿ ਨਹੀਂ ਤਾਂ, ਉਸ ਨੇ ਇਹ ਦਲੀਲ ਦਿੱਤੀ ਹੈ ਕਿ ਉਹ *ਪਰਾਉਸੀਆ* ਤੋਂ ਖੁੰਝ ਜਾਣਗੇ।[11]

1 ਕੁਰਿੰਥੀਆਂ 15:22-24 ਵਿੱਚ ਪੌਲੁਸ ਨੇ ਇਸ ਸਵਾਲ ਨੂੰ ਸੰਬੋਧਿਤ ਕੀਤਾ ਹੈ: ". . . ਮਸੀਹ ਵਿੱਚ ਸੱਭੇ ਜੁਆਏ ਜਾਣਗੇ। ਪਰ ਹਰੇਕ ਆਪੋ ਆਪਣੀ ਵਾਰੀ ਸਿਰ। ਪਹਿਲਾ ਫਲ ਮਸੀਹ, ਫੇਰ ਜਿਹੜੇ ਮਸੀਹ ਦੇ ਹਨ ਉਹ ਦੇ ਆਉਣ ਦੇ ਵੇਲੇ। ਉਹ ਦੇ ਮਗਰੋਂ ਅੰਤ ਹੈ। ਤਦ ਉਹ ਰਾਜ ਨੂੰ ਪਰਮੇਸ਼ੁਰ ਅਤੇ ਪਿਤਾ ਦੇ ਹੱਥ ਸੌਂਪ ਦੇਵੇਗਾ . . . ।"

ਉਹ ਦੇ ਨਾਲ ਜਿਵਾਲੇ ਜਾਣਾ ਅਤੇ "ਉਹ ਦੇ ਨਾਲ" ਸਵਰਗ ਵਿੱਚ ਵਾਪਸ ਜਾਣਾ *ਪਰਾਉਸੀਆ* ਵਿੱਚ ਸਾਂਝੀ ਹੋਣਾ ਹੈ। ਇਸ ਵਿਚਾਰ ਨੂੰ ਸਮਝਣਾ ਤਦ ਹੀ ਸੰਭਵ ਹੁੰਦਾ ਹੈ ਜਦੋਂ ਕੋਈ ਇਹ ਸਮਝ ਲੈਂਦਾ ਹੈ ਕਿ ਹੁਣ *ਪਰਾਉਸੀਆ* ਦਾ ਅਰਥ ਸਿਰਫ "ਆਉਣਾ" ਜਾਂ "ਆਮਦ" ਨਹੀਂ ਹੈ, ਪਰ ਇਸ ਵਿੱਚ ਕਈ ਹੋਰ ਢੇਰ ਸਾਰੀਆਂ ਗੱਲਾਂ ਵੀ ਸ਼ਾਮਲ ਹਨ ਜੋ ਉਸ ਮਹਾਨ "ਦਿਨ" ਹੋਣਗੀਆਂ (ਵੇਖੋ 5:2), ਜਿਵੇਂ ਕਿ ਜੀ ਉੱਠਣਾ, ਸਵਰਗ ਨੂੰ ਵਾਪਸ ਜਾਣਾ ਆਦਿ। ਦਰਅਸਲ, *ਪਰਾਉਸੀਆ* ਦਾ ਅਰਥ ਜੀ ਉੱਠਣ ਅਤੇ ਨਿਆਂ ਤੋਂ ਬਾਅਦ ਨਿਸ਼ਚਤ ਪ੍ਰਭਾਵਾਂ ਦੀ "ਮੌਜੂਦਗੀ" ਹੈ।[12]

1 ਕੁਰਿੰਥੀਆਂ ਵਿੱਚ ਪੌਲੁਸ ਨੇ ਲਿਖਿਆ ਕਿ ਮਸੀਹ ਦੇ ਲੋਕ ਜਿਹੜੇ ਮਰ ਚੁੱਕੇ ਹਨ "ਉਹ ਦੇ ਆਉਣ ਵੇਲੇ ... ਜੁਆਏ ਜਾਣਗੇ" (1 ਕੁਰਿੰਥੀਆਂ 15:22, 23)। "ਉਸ ਦੇ ਨਾਲ"

ਧਰਤੀ ਉੱਤੇ ਵਾਪਸ ਆਉਣ ਦੇ ਲਈ "ਉਹ ਦੇ ਆਉਣ ਤੋਂ ਪਹਿਲਾਂ" ਨਾ ਹੀ ਕੋਈ ਮਰੇਗਾ ਅਤੇ ਨਾ ਹੀ "ਜਿਵਾਲਿਆ" ਜਾਵੇਗਾ। ਉਸ ਦੇ ਆਉਣ ਤੋਂ ਬਾਅਦ ਤੁਰੰਤ ਸਭਨਾਂ ਚੀਜ਼ਾਂ ਦਾ "ਅੰਤ" ਹੋਵੇਗਾ ਜਦੋਂ ਮਸੀਹ ਉਹ ਰਾਜ ਆਪਣੇ ਪਿਤਾ ਦੇ ਹੱਥ ਸੌਂਪ ਦੇਵੇਗਾ। ਇਹ ਸਭ ਕੁਝ ਇਹ ਬਿਆਨ ਕਰਦਾ ਹੈ ਕਿ ਜਿਵਾਲੇ ਗਏ ਇਨ੍ਹਾਂ ਸੰਤਾਂ ਨੂੰ ਉਸ ਦੀ ਦੂਜੀ ਆਮਦ ਦੀ ਮਹਾਨ ਘਟਨਾ ਦੇ ਇੱਕ ਹਿੱਸੇ ਵਜੋਂ ਮਸੀਹ ਦੇ "ਨਾਲ" *ਵਾਪਸ ਸਵਰਗ ਵਿੱਚ* ਲਿਆਂਦਾ ਜਾਵੇਗਾ। ਇਸ ਸਿੱਟੇ ਦਾ ਸਮਰਥਨ ਇਹ ਤੱਥ ਵੀ ਕਰਦਾ ਹੈ ਕਿ ਇਸ ਬੰਦ ਵਿੱਚ ਤੁਲਨਾ ਗੈਰ-ਵਿਸ਼ਵਾਸੀ ਅਤੇ ਵਿਸ਼ਵਾਸੀ ਵਿਚਕਾਰ ਨਹੀਂ ਹੈ ਜਿਹੜੇ ਜ਼ਿੰਦਾ ਹਨ, ਜਿਵੇਂ ਕਿ "ਬੱਦਲਾ ਵਿੱਚ ਉਠਾਏ ਜਾਣ ਵਿੱਚ ਵਿਸ਼ਵਾਸ ਕਰਨ ਵਾਲੇ" ਦਾ ਵਿਚਾਰ ਮੰਗ ਕਰੇਗਾ। ਬਲਕਿ, ਇਹ ਤੁਲਨਾ ਉਨ੍ਹਾਂ ਲੋਕਾਂ ਜਿਹੜੇ ਮਸੀਹ ਦੇ ਦੁਬਾਰਾ ਵਾਪਸ ਆਉਣ ਤੋਂ ਪਹਿਲਾਂ ਵਿਸ਼ਵਾਸੀ ਹੋ ਕੇ ਮਰੇ (ਜਿਹੜੇ "ਯਿਸੂ ਵਿੱਚ ਸੌਂ ਗਏ") ਅਤੇ ਉਨ੍ਹਾਂ ਲੋਕਾਂ ਵਿਚਕਾਰ ਹੈ ਜਿਹੜੇ ਥੱਸਲੁਨੀਕੇ ਵਿੱਚ ਹਾਲੇ ਤੱਕ ਜੀਉਂਦੇ ਹਨ। ("1 ਥੱਸਲੁਨੀਕੀਆਂ 4:14 ਵੱਡਾ ਸਵਾਲ ਹੈ: *'ਉਹ ਦੇ ਨਾਲ' ਕਦੋਂ?"* ਤੇ ਹੇਠਾਂ ਦਿੱਤਾ ਹੋਇਆ ਚਾਰਟ ਵੇਖੋ।)

<table>
<tr><td colspan="5">1 ਥੱਸਲੁਨੀਕੀਆਂ 4:14 ਵੱਡਾ ਸਵਾਲ ਹੈ:<br>ਉਹ ਦੇ ਨਾਲ" ਕਦੋਂ?</td></tr>
<tr><td>↓<br>↓<br>↓<br>↓<br>↓</td><td>A) ਬੱਦਲਾਂ ਵਿੱਚ ਉਠਾਏ ਜਾਣ ਵਿੱਚ ਵਿਸ਼ਵਾਸ ਕਰਨ ਵਾਲਾ - ਅਨੁਮਾਨਿਤ ਗੁਪਤ (ਪਹਿਲਾਂ) ਬੱਦਲਾਂ ਵਿੱਚ ਉਠਾ ਲਏ ਜਾਣ ਤੋਂ ਬਾਅਦ "ਉਹ ਦੇ ਨਾਲ" ਧਰਤੀ ਉੱਤੇ ਵਾਪਸ ਆਉਣਾ।</td><td>ਜਾਂ</td><td>↑<br>↑<br>↑<br>↑<br>↑</td><td>B) ਐਡਵਾਰਡਸ (ਅਤੇ ਹੋਰ) - ਉਸ ਦੇ ਦੂਜੀ ਆਮਦ ਵਿੱਚ ਆਉਣ ਅਤੇ ਉਨ੍ਹਾਂ ਨੂੰ ਜੀ ਉਠਾਉਣ ਤੋਂ ਬਾਅਦ ਉਹ ਦੇ ਨਾਲ ਸੁਰਗ ਨੂੰ ਵਾਪਸ ਆਉਣ ਦੇ ਭਾਵ ਵਿੱਚ "ਉਹ ਦੇ ਨਾਲ" ਆਉਣਾ।</td></tr>
<tr><td colspan="5">ਇਸ ਤਰ੍ਹਾਂ ਇਹ 2 ਕੁਰਿੰਥੀਆਂ 4:14 ਦੀ ਤੁਲਨਾ ਬਣੀ, "ਅਸੀਂ ਜਾਣਦੇ ਹਾਂ ਭਈ ਜਿਹ ਨੇ ਪ੍ਰਭ ਯਿਸੂ ਨੂੰ ਜੁਆਲਿਆ ਉਹ ਸਾਨੂੰ ਵੀ ਯਿਸੂ ਦੇ ਨਾਲ ਜੁਆਲੇਗਾ ਅਤੇ ਤੁਹਾਡੇ ਨਾਲ ਆਪਣੇ ਹਜ਼ੂਰ ਖੜਾ ਕਰੇਗਾ" (ਜ਼ੋਰ ਦਿੱਤਾ ਗਿਆ ਹੈ)।<br><br>ਨੋਟ: "ਯਿਸੂ ਦੇ ਨਾਲ" ਪਰ<br>1) ਇੱਕੋ ਸਮੇਂ ਨਹੀਂ ("ਉਹ" ਭੂਤਕਾਲ /"ਅਸੀਂ" ਭਵਿੱਖਕਾਲ; ਬਲਕਿ,<br>2) ਇੱਕੋ ਹਾਲਤ ਵਿੱਚ ਨਹੀਂ (=ਜੀ ਉੱਠੇ)।<br><br>1 ਕੁਰਿੰਥੀਆਂ 6:14 ਨਾਲ ਵੀ ਤੁਲਨਾ ਕਰੋ।</td></tr>
</table>

ਇਸ ਆਇਤ ਦੇ ਸੰਬੰਧ ਵਿੱਚ, ਜੇ. ਡਬਲਿਯੂ. ਮੈਕਗਾਰਵੇ ਅਤੇ ਫਿਲਿਪ ਵਾਏ. ਪੈਂਡਲਟਨ ਨੇ ਲਿਖਿਆ ਹੈ:

> ਇੱਥੇ "ਉਹ ਦੇ ਨਾਲ" ਦਾ ਅਰਥ ਇਹ *ਨਹੀਂ* ਹੈ ਕਿ ਯਿਸੂ *ਸਵਰਗ ਤੋਂ* ਬੇਜਾਨ ਆਤਮਾਵਾਂ ਨੂੰ ਜੀ ਉੱਠਣ ਦੇ ਲਈ ਲੈ ਕੇ ਆਵੇਗਾ, ਪਰ ਉਹ ਪਰਮੇਸ਼ੁਰ ਜਿਸ ਨੇ ਯਿਸੂ ਨੂੰ *ਕਬਰ ਵਿੱਚੋਂ* ਜਿਵਾਲਿਆ ਇਕੱਠਿਆਂ ਯਿਸੂ ਨਾਲ ਉਨ੍ਹਾਂ ਸਭਨਾਂ ਨੂੰ ਵੀ *ਕਬਰ ਵਿੱਚੋਂ* ਜਿਵਾਲੇਗਾ ਜਿਹੜੇ ਆਪਣੇ ਜੀਵਨਾਂ ਨੂੰ ਆਤਿਮਕ ਤੌਰ ਤੇ ਯਿਸੂ ਨਾਲ ਜੋੜ ਕੇ ਇਸ ਵਿੱਚ ਦਾਖ਼ਲ

ਹੋਏ ਹਨ (ਜ਼ੋਰ ਦਿੱਤਾ ਗਿਆ ਹੈ)।[13]

ਡੇਵਿਡ ਜੇ. ਵਿਲੀਅਮਸ ਨੇ ਵੀ ਕਿਹਾ ਹੈ, "ਇਸ ਤਰ੍ਹਾਂ ਵਿਸ਼ਵਾਸੀਆਂ ਦਾ ਜੀ ਉੱਠਣਾ ਇੱਕ ਵੱਖਰੀ ਘਟਨਾ ਨਹੀਂ ਹੈ, ਪਰ ਉਹ ਯਿਸੂ ਦੇ ਜੀ ਉੱਠਣ ਵਿੱਚ ਭਾਗੀ ਹੋਣਗੇ: ਉਹ 'ਯਿਸੂ ਦੇ ਨਾਲ" ਜੀ ਉੱਠਣਗੇ।"[14] ਇਸ ਤਰੀਕੇ ਨਾਲ ਵਿਆਖਿਆ ਕਰਕੇ, ਇਹ ਬੰਦ 2 ਕੁਰਿੰਥੀਆਂ 4:14 ਦੇ ਲਈ ਇੱਕ ਸੰਪੂਰਣ ਤੁਲਨਾ ਬਣ ਜਾਂਦਾ ਹੈ: "ਅਸੀਂ ਜਾਣਦੇ ਹਾਂ ਭਈ ਜਿਹ ਨੇ ਪ੍ਰਭੂ ਯਿਸੂ ਨੂੰ ਜੁਆਲਿਆ ਉਹ ਸਾਨੂੰ ਵੀ ਯਿਸੂ ਦੇ ਨਾਲ ਜੁਆਲੇਗਾ ਅਤੇ ਤੁਹਾਡੇ ਨਾਲ ਆਪਣੇ ਹਜ਼ੂਰ ਖੜਾ ਕਰੇਗਾ।"

ਇਸ ਲਈ, 14 ਆਇਤ ਅੰਤ ਦੇ ਸਮੇਂ ਤੋਂ ਪਹਿਲਾਂ ਕੁਝ ਵਫ਼ਾਦਾਰ ਮਸੀਹੀ ਲੋਕਾਂ ਦੇ ਗੁਪਤ ਉਠਾਏ ਜਾਣ (ਇੱਕ ਥਾਂ ਤੋਂ ਦੂਜੀ ਥਾਂ ਤੇ ਲੈ ਕੇ ਜਾਣਾ ਜਾਂ ਉੱਪਰ ਉਠਾ ਲਏ ਜਾਣਾ) ਦਾ ਭਾਵ ਨਹੀਂ ਦਿੰਦੀ, ਪਰ ਅੰਤ ਦੇ ਸਮੇਂ ਸਭਨਾਂ ਮਸੀਹੀ ਲੋਕਾਂ ਦਾ ਉਠਾਇਆ ਜਾਣਾ ਬਹੁਤ ਹੀ ਜਨਤਕ ਅਤੇ ਪਰਤੱਖ ਹੋਵੇਗਾ (ਵੇਖੋ ਆਇਤ 17)।

ਆਇਤ ਦੇ ਅੰਤ ਵਿੱਚ, **ਯਿਸੂ ਵਿੱਚ** ਵਾਕ ਸੰਬੰਧੀ, ਇੱਕ ਵਾਰ ਫੇਰ ਇਹ ਧਿਆਨ ਦੇਣਾ ਚੰਗਾ ਹੋਵੇਗਾ ਕਿ ਅਸੀਂ ਯਿਸੂ "ਵਿੱਚ" ਬਪਤਿਸਮਾ ਲਿਆ ਹੈ (ਰੋਮੀਆਂ 6:3, 4)।

**ਆਇਤ 15. ਪ੍ਰਭੂ ਦੇ ਬਚਨ ਦੇ ਅਨੁਸਾਰ ਤੁਹਾਨੂੰ ਇਹ ਆਖਦੇ ਹਾਂ** ਉਸ ਗੱਲ ਦਾ ਹਵਾਲਾ ਦੇ ਸਕਦਾ ਹੈ ਜੋ ਯਿਸੂ ਨੇ ਧਰਤੀ ਤੇ ਰਹਿੰਦੇ ਹੋਏ ਨਿੱਜੀ ਤੌਰ ਤੇ ਬੋਲੀ ਸੀ (1 ਕੁਰਿੰਥੀਆਂ 7:10 ਨਾਲ ਤੁਲਨਾ ਕਰੋ) ਜਾਂ, ਇੱਥੇ ਸੰਭਵ ਤੌਰ ਤੇ ਉਹ ਦੇ ਉਸ ਵਚਨ ਦਾ ਜੋ ਅਸਿੱਧੇ ਤੌਰ ਤੇ ਉਸ ਦੇ ਪ੍ਰੇਰਿਤ ਰਸੂਲਾਂ ਦੇ ਰਾਹੀਂ ਬੋਲਿਆ ਗਿਆ ਸੀ (2:13 ਤੇ ਚਰਚਾ ਵੇਖੋ)। ਮੌਰਿਸ ਅਤੇ ਹੋਰ ਲੋਕ ਸੋਚਦੇ ਹਨ ਕਿ ਸ਼ਾਇਦ ਇਹ ਯਿਸੂ ਦੀਆਂ ਕੁਝ ਅਜਿਹੀਆਂ ਗੱਲਾਂ ਦਾ ਹਵਾਲਾ ਦਿੰਦਾ ਹੈ ਜੋ ਇੰਜੀਲਾਂ ਵਿੱਚ ਨਹੀਂ ਲਿਖੀਆਂ ਗਈਆਂ, ਉਦਾਹਰਣ ਦੇ ਲਈ ਰਸੂਲਾਂ ਦੇ ਕਰਤੱਬ 20:35 ਵੇਖੋ।[15]

**ਪ੍ਰਭੂ ਦਾ ਆਉਣਾ** [*ਪਰਾਉਸੀਆ*], ਜਿਵੇਂ ਕਿ ਉੱਪਰ ਜ਼ਿਕਰ ਕੀਤਾ ਗਿਆ ਹੈ, ਉਸ ਦੀ ਦੂਜੀ ਆਮਦ ਦਾ ਹਵਾਲਾ ਦਿੰਦਾ ਹੈ (ਆਇਤਾਂ 16, 17; 1 ਕੁਰਿੰਥੀਆਂ 15:22–24)। ਪੌਲੁਸ ਨੇ ਥੱਸਲੁਨੀਕੇ ਵਿੱਚ ਚਿੰਤਾ ਵਿੱਚ ਡੁੱਬੇ ਵਿਸ਼ਵਾਸੀਆਂ ਨੂੰ ਭਰੋਸਾ ਦਿੱਤਾ ਕਿ ਜਿਹੜੇ ਮਸੀਹੀ ਲੋਕ ਮਸੀਹ ਦੇ "ਆਉਣ" ਤੀਕ **ਜੀਉਂਦੇ ਅਤੇ ਬਾਕੀ ਰਹਿੰਦੇ ਹਨ** ਆਪਣੇ ਉਨ੍ਹਾਂ ਅਜੀਜ਼ਾਂ ਤੋਂ **ਅਗੇਤ੍ਰੇ** ਨਹੀਂ ਹੋਣਗੇ ਜੋ ਵਿਸ਼ਵਾਸੀ ਸਨ ਅਤੇ ਜੋ "ਸੁੱਤੇ" ਜਾਂ ਮੋਏ ਸਨ। "ਅਗੇਤ੍ਰੇ" ਸ਼ਬਦ ਜੋ ਕਿ "ਯੂਨਾਨੀ ਸ਼ਬਦ [φθάνω] *ਫਥਾਨੋ* ਦਾ ਦੂਜਾ ਅਨਿਸ਼ਚਤ ਕਿਰਿਆਸ਼ੀਲ ਦਾ ਵਿਸ਼ੇਸ਼ ਕਿਰਿਆ ਰੂਪ ਹੈ" ਜਿਸ ਦਾ ਅਰਥ ਹੈ "ਪਹਿਲਾਂ ਆਉਣਾ, ਪਹਿਲ ਕਰਨਾ।"[16]

"ਅਸੀਂ" ਸ਼ਬਦ ਦੀ ਵਰਤੋਂ ਕਰਦਿਆਂ ਕੀ ਪੌਲੁਸ ਦੇ ਕਹਿਣ ਦਾ ਅਰਥ ਇਹ ਸੀ ਕਿ ਉਹ ਇਹ ਸੋਚਦਾ ਸੀ ਕਿ ਉਹ ਮਸੀਹ ਦੀ ਦੂਜੀ ਆਮਦ ਤੱਕ ਜੀਉਂਦਾ ਰਹੇਗਾ? ਇਸ ਤਰ੍ਹਾਂ ਪ੍ਰਤੀਤ ਨਹੀਂ ਹੁੰਦਾ। ਆਈ. ਹੋਵਾਰਡ ਮਾਰਸ਼ਲ ਨੇ ਸਹੀ ਹੀ ਕਿਹਾ ਹੈ, "ਵਿਦਵਾਨ ਜਿਹੜੇ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਪੌਲੁਸ ਦੇ ਇਸ ਸ਼ਬਦ ਦਾ ਅਰਥ ਇਹੋ ਹੋਣਾ ਚਾਹੀਦਾ ਹੈ ਕਿ ਉਸ ਨੇ *ਪਰਾਉਸੀਆ* ਤੱਕ ਜੀਉਂਦਾ ਰਹਿਣ ਦੀ ਉਮੀਦ ਕੀਤੀ ਸੀ ਉਸ ਦਾ ਗਲਤ ਅਰਥ ਕੱਢਦੇ ਹਨ।"[17] ਹੋਰ ਕਈ ਥਾਵਾਂ ਤੇ ਵੀ ਪੌਲੁਸ ਨੇ ਖੁਦ ਨੂੰ ਉਨ੍ਹਾਂ ਲੋਕਾਂ ਵਿੱਚ ਸ਼ਾਮਲ ਕੀਤਾ ਹੈ ਜਿਨ੍ਹਾਂ ਨੂੰ ਪਰਮੇਸ਼ੁਰ "ਜਿਵਾ ਕੇ ਉਠਾਏਗਾ" (1 ਕੁਰਿੰਥੀਆਂ 6:14; ਵੇਖੋ 2 ਕੁਰਿੰਥੀਆਂ 4:14)। ਫਿਰ ਵੀ, ਦੋਵਾਂ ਹਾਲਾਤਾਂ ਵਿੱਚ ਉਹ ਸ਼ਾਇਦ ਖੁਦ ਨੂੰ ਉਨ੍ਹਾਂ ਦੇ ਸਮੂਹ

ਦਾ ਦੱਸਦਾ ਹੈ ਜਿਨ੍ਹਾਂ ਦੇ ਬਾਰੇ ਉਹ ਇਸ ਪਲ ਗੱਲ ਕਰ ਰਿਹਾ ਹੈ, ਕਿਉਂਕਿ ਇੱਕ ਹੋਰ ਬੰਦ ਵਿੱਚ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਉਹ ਇਹ ਨਹੀਂ ਜਾਣਦਾ ਕਿ ਮਸੀਹ ਦੀ ਦੂਜੀ ਆਮਦ ਦੇ ਸਮੇਂ ਉਹ "ਜਾਗਦਾ ਜਾਂ ਸੁੱਤਾ" ਹੋਵੇਗਾ (1 ਥੱਸਲੁਨੀਕੀਆਂ 5:1, 2, 10)। ਆਇਤ 15 ਵਿੱਚ ਪੌਲੁਸ ਦੀ ਮੁੱਖ ਗੱਲ ਇਹ ਨਹੀਂ ਹੈ ਕਿ ਮਸੀਹ ਦਾ ਆਉਣਾ ਕਦੋਂ ਹੈ; ਬਲਕਿ ਮੁੱਖ ਗੱਲ ਇਹ ਹੈ ਕਿ ਜਦ ਕਦੇ ਵੀ ਮਸੀਹ ਆਵੇਗਾ, ਜਿਹੜੇ ਮਸੀਹੀ ਲੋਕ ਉਸ ਸਮੇਂ ਜੀਉਂਦੇ ਹੋਣਗੇ ਉਨ੍ਹਾਂ ਨੂੰ ਉਨ੍ਹਾਂ ਤੇ ਕੋਈ ਲਾਭ ਨਹੀਂ ਹੋਵੇਗਾ ਜਿਹੜੇ ਮਰ ਚੁੱਕੇ ਹਨ।[18]

**ਆਇਤ 16.** ਉਨ੍ਹਾਂ ਮਸੀਹੀ ਲੋਕਾਂ ਨੂੰ ਜਿਹੜੇ ਜ਼ਿੰਦਾ ਹਨ ਉਨ੍ਹਾਂ ਤੇ ਕਿਉਂ ਲਾਭ ਨਹੀਂ ਹੈ ਜਿਹੜੇ ਮਰ ਚੁੱਕੇ ਹਨ? ਕਿਉਂਕਿ ਜਦੋਂ ਪ੍ਰਭੂ ਆਵੇਗਾ, ਉਹ **ਜਿਹੜੇ ਮਸੀਹ ਵਿੱਚ ਹੋ ਕੇ ਮੋਏ ਹਨ ਉਨ੍ਹਾਂ ਨੂੰ ਪਹਿਲਾਂ ਜਿਵਾਲੇਗਾ**। ਮੋਏ ਹੋਏ ਮਸੀਹੀ ਲੋਕ ਝੱਟ ਜੀ ਉੱਠਣਗੇ ਜਦੋਂ **ਪ੍ਰਭੂ ਆਪ . . . ਸੁਰਗ ਤੋਂ ਉਤਰੇਗਾ**।

ਉਸ ਦੇ ਆਉਣ ਦਾ ਸੰਕੇਤ ਲਲਕਾਰਾ (κέλευσμα, *ਕੇਲਿਉਸਮਾ*) ਜਾਂ "ਉੱਚੀ ਅਵਾਜ਼ ਵਿੱਚ ਦਿੱਤਾ ਜਾਣ ਵਾਲਾ ਹੁਕਮ" ਹੋਵੇਗਾ (NIV)।[19] ਇਹ "ਲਲਕਾਰਾ" ਸੰਭਵ ਤੌਰ ਤੇ ਉਨ੍ਹਾਂ ਲੋਕਾਂ ਨੂੰ ਮਸੀਹ ਦੀ ਬੁਲਾਹਟ ਹੈ ਜਿਹੜੇ ਕਬਰਾਂ ਵਿੱਚ ਹਨ (ਯੂਹੰਨਾ 5:28 ਨਾਲ ਤੁਲਨਾ ਕਰੋ)। ਇਸ ਤੋਂ ਇਲਾਵਾ, ਮਨੁੱਖ **ਮਹਾਂ ਦੂਤ ਦੀ ਅਵਾਜ਼** ਵੀ ਸੁਣਨਗੇ। ਇਹ ਸੁਰਗਦੂਤ ਸ਼ਾਇਦ ਜਿਬਰਾਏਲ ਨਹੀਂ ਹੈ, ਜਿਵੇਂ ਕਿ ਆਮ ਤੌਰ ਤੇ ਮੰਨਿਆ ਜਾਂਦਾ ਹੈ, ਪਰ ਮੀਕਾਏਲ ਹੈ ਜੋ ਕਿ ਅਜਿਹਾ ਇਕਮਾਤਰ ਸੁਰਗਦੂਤ ਹੈ ਜਿਸ ਨੂੰ ਬਾਈਬਲ "ਮਹਾਂ ਦੂਤ" ਕਹਿੰਦੀ ਹੈ (ਯਹੂਦਾਹ 9; ਪਰਕਾਸ਼ ਦੀ ਪੋਥੀ 12:1–9)। ਮਹਾਂ ਦੂਤ ਦੀ ਅਵਾਜ਼ ਸ਼ਾਇਦ ਹੋਰਨਾਂ ਸੁਰਗਦੂਤਾਂ ਨੂੰ "ਚੁਣਿਆਂ ਹੋਇਆਂ ਨੂੰ ਇਕੱਠਿਆਂ ਕਰਨ" ਦਾ ਹੁਕਮ ਦੇਵੇਗੀ (ਮੱਤੀ 24:31)। ਮਹਾਂ ਦੂਤ ਦੀ ਅਵਾਜ਼ ਦੇ ਨਾਲ-ਨਾਲ **ਪਰਮੇਸ਼ੁਰ ਦੀ ਤੁਰ੍ਹੀ** ਵੀ ਸੁਣਾਈ ਦੇਵੇਗੀ। ਇਸ "ਤੁਰ੍ਹੀ" ਨੂੰ 1 ਕੁਰਿੰਥੀਆਂ 15:52 ਵਿੱਚ "ਛੇਕੜਲੀ ਤੁਰ੍ਹੀ" ਕਿਹਾ ਗਿਆ ਹੈ। ਇਹ "ਪਰਮੇਸ਼ੁਰ ਦੀ" ਤੁਰ੍ਹੀ ਹੈ ਕਿਉਂਕਿ ਇਹ "ਪਰਮੇਸ਼ੁਰ ਦੀ," ਜਾਂ ਮਸੀਹ ਦੀ ਆਮਦ ਦਾ ਐਲਾਨ ਕਰਦੀ ਹੈ ਜਿਹੜਾ ਇਲਾਹੀ ਹੈ। ਇਸੇ "ਤੁਰ੍ਹੀ" ਨੇ ਇਸਰਾਏਲੀ ਲੋਕਾਂ ਨੂੰ ਪਰਮੇਸ਼ੁਰ ਨਾਲ ਮਿਲਣ ਦੇ ਲਈ ਸੀਨਈ ਪਹਾੜ ਤੇ ਬੁਲਾਇਆ ਸੀ (ਕੂਚ 19:17–19)। ਮਨੁੱਖਜਾਤੀ ਦੇ ਇਤਹਾਸ ਵਿੱਚ ਤੁਰ੍ਹੀ ਦੀ ਵਰਤੋਂ ਅਕਸਰ ਮਨੁੱਖਾਂ ਨੂੰ "ਜਗਾਉਣ" ਦੇ ਲਈ ਵੀ ਕੀਤੀ ਗਈ ਹੈ। ਇੱਥੇ ਇਸ ਤੁਰ੍ਹੀ ਨੇ ਵਿਸ਼ਵਾਸੀਆਂ ਨੂੰ ਮੌਤ ਦੀ "ਨੀਂਦ" ਤੋਂ ਜਗਾਉਣਾ ਹੈ।

ਇਸ ਬੰਦ ਵਿੱਚ, ਪੌਲੁਸ ਨੇ ਸਿਰਫ ਵਿਸ਼ਵਾਸੀਆਂ ਦੇ ਜੀ ਉੱਠਣ ਤੇ ਚਰਚਾ ਕੀਤੀ ਕਿਉਂਕਿ ਇਹੋ ਇਕਮਾਤਰ ਚੀਜ਼ ਹੈ ਜਿਸ ਨੇ ਉਸ ਦੇ ਉਦੇਸ਼ ਨੂੰ ਪੂਰਾ ਕੀਤਾ। ਫਿਰ ਵੀ, ਇਹ ਸਪੱਸ਼ਟ ਹੈ ਕਿ ਗੈਰ-ਵਿਸ਼ਵਾਸੀ ਵੀ ਉਨ੍ਹਾਂ ਦੇ ਨਾਲ ਜੀ ਉੱਠਣਗੇ, ਜਿਵੇਂ ਕਿ ਪੌਲੁਸ ਅਤੇ ਮਸੀਹ ਦੋਹਾਂ ਨੇ ਪਵਿੱਤਰ ਵਚਨ ਵਿੱਚ ਕਿਸੇ ਹੋਰ ਥਾਂ ਤੇ ਵੀ ਇਸ ਦੀ ਸਿੱਖਿਆ ਦਿੱਤੀ ਹੈ (ਰਸੂਲਾਂ ਦੇ ਕਰਤੱਬ 24:15; ਯੂਹੰਨਾ 5:28, 29)। ਥੱਸਲੁਨੀਕੀਆਂ ਦੇ ਲਈ ਮੁੱਖ ਸਬਕ ਇਹ ਸੀ ਕਿ ਪਰਮੇਸ਼ੁਰ ਉਨ੍ਹਾਂ ਦੇ ਅਜੀਜ਼ਾਂ ਦੇ ਕੰਮ ਨੂੰ ਭੁੱਲੇਗਾ ਨਹੀਂ। ਉਨ੍ਹਾਂ "ਪਹਿਲਾਂ" ਜੀ ਉੱਠਣਾ ਸੀ।

**ਆਇਤ 17.** ਉਨ੍ਹਾਂ ਵਿਸ਼ਵਾਸੀਆਂ ਦੇ ਵਿਖੇ ਜਿਹੜੇ ਪ੍ਰਭੂ ਦੇ ਆਉਣ ਤੀਕ ਜੀਉਂਦੇ ਹੋਣਗੇ, ਪੌਲੁਸ ਨੇ ਕਿਹਾ ਹੈ ਕਿ **ਓਹਨਾਂ ਦੇ ਨਾਲ ਹੀ ਹਵਾ ਵਿੱਚ ਪ੍ਰਭੂ ਦੇ ਮਿਲਣ ਨੂੰ ਬੱਦਲਾਂ ਉੱਤੇ ਅਚਾਣਕ ਉਠਾਏ** [ἁρπάζω, *ਹਾਰਪਾਜ਼ੋ*] **ਜਾਣਗੇ**। "ਓਹਨਾਂ" ਜਿਨ੍ਹਾਂ ਨਾਲ ਜੀਉਂਦੇ ਲੋਕ ਉਠਾਏ ਜਾਣਗੇ ਉਨ੍ਹਾਂ ਦੇ ਅਜੀਜ਼ ਹਨ ਜਿਹੜੇ, ਜਿਵੇਂ ਕਿ ਆਇਤ 14 ਤੇ

ਚਰਚਾ ਵਿੱਚ ਵਿਖਾਇਆ ਗਿਆ ਹੈ, ਮਸੀਹ ਦੀ ਦੂਜੀ ਆਮਦ ਹੋਣ ਤੇ ਝੱਟ ਜੀ ਉੱਠਣਗੇ। ("ਪਵਿੱਤਰ ਵਚਨ ਅਧਾਰਿਤ 'ਬੱਦਲਾਂ ਉੱਤੇ ਉਠਾਇਆ ਜਾਣਾ'-1 ਥੱਸਲੁਨੀਕੀਆਂ 4:17 'ਉਠਾਏ ਗਏ'" ਤੇ ਹੇਠਾਂ ਦਿੱਤਾ ਹੋਇਆ ਚਾਰਟ ਵੇਖੋ।) "ਉਹ" ਅਤੇ "ਅਸੀਂ" ਦੋਵੇਂ **ਹਵਾ ਵਿੱਚ ਪ੍ਰਭੂ ਦੇ ਮਿਲਣ ਨੂੰ** ਬੱਦਲਾਂ ਉੱਤੇ ਅਚਾਣਕ ਉਠਾ ਲਏ ਜਾਵਾਂਗੇ। "ਹਵਾ ਵਿੱਚ" ਸ਼ਬਦ ਸ਼ਾਇਦ ਸ਼ਤਾਨ ਤੇ ਯਿਸੂ ਦੀ ਸੰਪੂਰਣ ਜਿੱਤ ਤੇ ਜ਼ੋਰ ਦਿੰਦਾ ਹੈ, ਜਿਸ ਨੂੰ ਪੌਲੁਸ ਨੇ "ਹਵਾਈ ਇਖ਼ਤਿਆਰ ਦਾ ਸਰਦਾਰ" ਕਿਹਾ ਹੈ (ਅਫ਼ਸੀਆਂ 2:2)। ਮਸੀਹ ਦੀ ਦੂਜੀ ਆਮਦ ਸਮੇਂ, ਉਸ ਦਾ ਰਾਜ "ਹਵਾ" ਤੱਕ ਫੈਲ ਜਾਵੇਗਾ ਜੋ ਸ਼ਤਾਨ ਦੀ ਮੁਕੰਮਲ ਹਾਰ ਵੱਲ ਇਸ਼ਾਰਾ ਕਰ ਰਿਹਾ ਹੈ।

| **ਪਵਿੱਤਰ ਵਚਨ ਵਿੱਚ "ਬੱਦਲਾਂ ਵਿੱਚ ਉਠਾਇਆ ਜਾਣਾ"**<br>**1 ਥੱਸਲੁਨੀਕੀਆਂ 4:17:**<br>"ਉਠਾਇਆ ਜਾਣਾ" | |
|---|---|
| ***ਕੀ ਨਹੀਂ ਹੈ:***<br>*ਕੁਝ* ਵਿਸ਼ਵਾਸੀਆਂ ਦਾ *ਗੁਪਤ ਵਿੱਚ* ਬੱਦਲਾਂ ਉੱਤੇ ਉਠਾਇਆ ਜਾਣਾ ਯਿਸੂ ਦੇ ਆਖ਼ਰੀ ਵਾਰ ਆਉਣ ਤੋਂ ਪਹਿਲਾਂ ਯਿਸੂ ਦੇ ਸਾਲਾਂ ਦਾ ਅਦਿੱਖ ਰੂਪ ਵਿੱਚ ਆਉਣਾ ਹੈ ਤਾਂ ਜੋ ਉਹ ਉਸ ਦੇ ਨਾਲ ਵਾਪਸ ਪਰਤ ਸਕਣ। | ***ਕੀ ਹੈ:***<br>ਸਮੇਂ ਦੇ ਅੰਤ ਵਿੱਚ *ਸਾਰੇ* ਵਿਸ਼ਵਾਸੀਆਂ ਦਾ ਦਿੱਖ ਰੂਪ ਵਿੱਚ ਬੱਦਲਾਂ ਉੱਤੇ ਉਠਾਇਆ ਜਾਣਾ ਹੈ ਜਦੋਂ ਉਹ "ਉਹ ਦੇ ਨਾਲ" ਜਾਣਗੇ ਜਦੋਂ ਉਹ ਵਾਪਸ ਸੁਰਗ ਵਿੱਚ ਜਾਵੇਗਾ। |

ਇਹ ਬੰਦ ਇਸ ਵਿਚਾਰ ਨੂੰ ਖਾਰਜ ਕਰਦਾ ਹੈ ਕਿ ਯਿਸੂ ਇੱਥੇ ਧਰਤੀ ਉੱਤੇ ਕਦੇ ਹਜ਼ਾਰ ਵਰ੍ਹੇ ਦਾ ਦੁਨਿਆਵੀ ਰਾਜ ਕਾਇਮ ਕਰੇਗਾ। ਪਵਿੱਤਰ ਵਚਨ ਵਿੱਚ ਕੋਈ ਵੀ ਚੀਜ਼ ਇਸ ਗੱਲ ਵੱਲ ਇਸ਼ਾਰਾ ਨਹੀਂ ਕਰਦੀ ਕਿ ਯਿਸੂ ਫੇਰ ਕਦੇ ਧਰਤੀ ਉੱਤੇ ਆਪਣਾ ਕਦਮ ਰੱਖੇਗਾ। ਬਜਾਇ ਇਸ ਦੇ, ਉਹ ਅਜਿਹੇ ਸਮੇਂ ਧਰਤੀ ਉੱਤੇ ਆਵੇਗਾ ਜਦੋਂ ਉਹ ਧਰਤੀ ਦੇ ਵਾਯੂ-ਮੰਡਲ ਵਿੱਚ ਰਹੇਗਾ ਅਤੇ ਆਪਣੇ ਵਿਸ਼ਵਾਸੀਆਂ ਨੂੰ **ਸਦਾ** ਜਾਂ "ਹਮੇਸ਼ਾ" (NIV) ਦੇ ਲਈ ਉਹ ਦੇ ਨਾਲ ਸਵਰਗ ਵਿੱਚ ਰਹਿਣ ਲਈ ਧਰਤੀ ਤੋਂ "ਉਠਾ" ਲਵੇਗਾ। ਮੌਰਿਸ ਨੇ ਇੱਥੇ ਇਹ ਕਹਿੰਦੇ ਹੋਏ ਗੁਪਤ ਵਿੱਚ ਹਵਾ ਵਿੱਚ ਉਠਾਏ ਜਾਣ ਦਾ ਵਿਰੋਧ ਕੀਤਾ ਹੈ ਕਿ "ਗੁਪਤ ਵਿੱਚ ਹਵਾ ਵਿੱਚ ਉਠਾਏ ਜਾਣ ਵਿੱਚ ਫਿਟ ਬੈਠਣਾ ਬਹੁਤ ਹੀ ਮੁਸ਼ਕਲ ਹੈ।"[20] ਇੱਕ ਹੋਰ ਥਾਂ ਤੇ (1 ਕੁਰਿੰਥੀਆਂ 15:48–52), ਪੌਲਸ ਨੇ ਸਾਨੂੰ ਦੱਸਿਆ ਹੈ ਕਿ "ਪਰਮੇਸ਼ੁਰ ਦੇ ਰਾਜ ਦੇ ਅਧਕਾਰੀ" ਹੋਣ ਲਈ ਸਾਨੂੰ "ਅਵਿਨਾਸੀ," ਬਿਨ ਮਾਸ ਅਤੇ ਲਹੂ ਵਾਲੀ ਅਵਸਥਾ ਵਿੱਚ "ਬਦਲਣਾ" ਪਵੇਗਾ।

**ਆਇਤ 18.** ਪੌਲੁਸ ਦੀਆਂ ਗੱਲਾਂ ਥੱਸਲੁਨੀਕੀਆਂ ਲਈ ਉਪਯੋਗੀ ਹੋਣੀਆਂ ਸਨ ਤਾਂ ਜੋ ਉਹ ਆਪਣੇ ਮ੍ਰਿਤਕ ਅਜੀਜ਼ਾਂ ਦੇ ਸੰਬੰਧ ਵਿੱਚ **ਇੱਕ ਦੂਏ ਨੂੰ ਤਸੱਲੀ** ਦੇ ਸਕਦੇ। ਉਨ੍ਹਾਂ ਦੇ ਮੋਏ ਹੋਏ ਅਜੀਜ਼, ਉਸ ਨੇ ਕਿਹਾ, ਦੂਜੀ ਆਮਦ ਦੀ ਮਹਾਨ ਘਟਨਾ ਤੋਂ ਵਾਂਝੇ ਨਹੀਂ ਰਹਿਣਗੇ। ਫੇਰ, "ਤਸੱਲੀ" ਲਈ ਜਿਹੜਾ ਸ਼ਬਦ ਵਰਤਿਆ ਗਿਆ ਹੈ ਉਹ ਯੂਨਾਨੀ ਸ਼ਬਦ *ਪੈਰਾਕਾਲੀਓ* ਤੋਂ ਆਇਆ ਹੈ ਜਿਸ ਦਾ ਅਰਥ ਹੈ, "ਉਤਸ਼ਾਹਿਤ ਕਰਨਾ, ਤਸੱਲੀ ਦੇਣਾ ਅਤੇ ਦਿਲਾਸਾ ਦੇਣਾ" (ਵੇਖੋ 3:7)।

# ਪ੍ਰਾਸੰਗਿਕਤਾ

ਇੱਥੇ ਆ ਕੇ ਪੌਲੁਸ ਨੇ ਆਪਣੀ ਪੱਤ੍ਰੀ ਦੇ ਜ਼ਿਆਦਾ ਵਿਹਾਰਕ ਭਾਗ ਵੱਲ ਰੁਖ ਕੀਤਾ। ਹੁਣ ਤੱਕ ਉਸ ਨੇ ਉਨ੍ਹਾਂ ਸਿੱਖਿਆਤਮਕ ਵਿਆਖਿਆਵਾਂ ਦਾ ਵਰਣਨ ਕੀਤਾ ਸੀ ਜਿਨ੍ਹਾਂ ਦੀ ਥੱਸਲੁਨੀਕੀਆਂ ਨੂੰ ਲੋੜ ਸੀ ਅਤੇ ਇੱਥੇ ਉਹ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਨੂੰ ਉਨ੍ਹਾਂ ਦੇ ਸਾਹਮਣੇ ਲੈ ਕੇ ਆਇਆ। ਉਹ ਸਿੱਖਿਆ ਤੋਂ ਜ਼ਿੰਮੇਵਾਰੀ ਵੱਲ ਅਤੇ ਉਪਦੇਸ਼ ਤੋਂ ਅਭਿਆਸ ਵੱਲ ਗਿਆ।

### ਮਸੀਹੀ ਲੋਕਾਂ ਨੂੰ ਕਿਵੇਂ "ਚੱਲਣਾ ਚਾਹੀਦਾ ਹੈ" (4:1, 2)

1 ਥੱਸਲੁਨੀਕੀਆਂ ਦਾ ਮੁੱਖ ਜ਼ੋਰ ਯਿਸੂ ਦੇ ਦੁਬਾਰਾ ਆਉਣ ਅਰਥਾਤ ਦੂਜੀ ਆਮਦ ਤੇ ਹੈ। ਯਿਸੂ ਕਲੀਸੀਆ ਦਾ ਲਾੜਾ ਹੈ (2 ਕੁਰਿੰਥੀਆਂ 11:2) ਅਤੇ ਉਹ ਆਪਣੀ ਲਾੜੀ ਨੂੰ ਆਪਣੇ ਕੋਲ ਲੈ ਕੇ ਜਾਣ ਲਈ ਦੁਬਾਰਾ ਆ ਰਿਹਾ ਹੈ (ਯੂਹੰਨਾ 14:3)। ਕਲੀਸੀਆ ਉਸ ਦੇ ਨਾਲ ਇੱਕ ਵੱਡੀ ਦਾਹਵਤ ਵਿੱਚ ਸ਼ਾਮਲ ਹੋਵੇਗੀ ਜਿਸ ਨੂੰ "ਲੇਲੇ ਦਾ ਵਿਆਹ" ਕਿਹਾ ਗਿਆ ਹੈ (ਪਰਕਾਸ਼ ਦੀ ਪੋਥੀ 19:9)। ਜਦ ਕਿ ਅਸੀਂ ਉਸ ਤੋਂ ਅੱਡ ਹਾਂ, ਕੀ ਅਸੀਂ ਉਸ ਯੋਜਨਾ ਦਾ ਪਾਲਣ ਕਰ ਰਹੇ ਹਾਂ ਜੋ ਮਸੀਹ ਨੇ ਸਾਡੇ ਜੀਵਨਾਂ ਦੇ ਲਈ ਬਣਾਈ ਹੋਈ ਹੈ?

ਉਸ ਦੇ ਦੁਬਾਰਾ ਆਉਣ ਤੱਕ, ਸਾਨੂੰ ਕਿਵੇਂ ਚੱਲਣਾ ਜਾਂ ਜੀਉਣਾ ਚਾਹੀਦਾ ਹੈ? 4 ਅਧਿਆਇ ਵਿੱਚ, ਪੌਲੁਸ ਨੇ ਕਿਹਾ, ". . . ਤੁਸਾਂ ਸਾਥੋਂ ਸਿੱਖਿਆ ਪਾਈ ਭਈ ਕਿੱਕੁਰ ਚੱਲਣਾ ਅਤੇ ਪਰਮੇਸ਼ੁਰ ਨੂੰ ਪਰਸੰਨ ਕਰਨਾ ਚਾਹੀਦਾ ਹੈ" (ਆਇਤ 1)। "ਚੱਲਣ" ਦਾ ਅਲੰਕਾਰ ਮਸੀਹ ਜੀਵਨ ਦੀ ਤੁਲਨਾ ਇੱਕ ਤੀਰਥ ਯਾਤਰਾ ਨਾਲ ਕਰਦਾ ਹੈ (ਵੇਖੋ 2:12)। ਯਿਸੂ ਨੇ ਇਹੋ ਜਿਹਾ ਅਲੰਕਾਰ ਵਰਤਿਆ ਜਦੋਂ ਉਸ ਨੇ ਕਿਹਾ, "ਸੌੜਾ ਹੈ ਉਹ ਰਾਹ ਜਿਹੜਾ ਜੀਉਣ ਨੂੰ ਜਾਂਦਾ ਹੈ" (ਮੱਤੀ 7:14)।

ਪੌਲੁਸ ਦੇ ਅਨੁਸਾਰ, ਮਸੀਹੀ ਵਿਅਕਤੀ ਦਾ ਚੱਲਣਾ "ਪਰਮੇਸ਼ੁਰ ਨੂੰ ਪਰਸੰਨ ਕਰਨ ਵਾਲਾ" ਅਤੇ "ਹੁਕਮਾਂ" ਦਾ ਪਾਲਣ ਕਰਨ ਵਾਲਾ ਹੋਣਾ ਚਾਹੀਦਾ ਹੈ (ਆਇਤਾਂ 1, 2)। ਅਸੀਂ ਪਰਮੇਸ਼ੁਰ ਦੀ ਸੇਵਾ ਕਰਨੀ ਹੈ, ਆਪਣੇ ਪ੍ਰਭੂ ਯਿਸੂ ਅਰਥਾਤ ਆਪਣੇ ਲਾੜੇ ਦੇ ਹੁਕਮਾਂ ਦਾ ਪਾਲਣ ਕਰਨਾ ਹੈ। EE

### ਨਿਹਚਾ ਵਿੱਚ ਚੱਲਦੇ ਰਹਿਣਾ (4:1, 2)

ਰਸੂਲ ਨੇ ਸਪੱਸ਼ਟ ਤੌਰ ਤੇ ਇਸ਼ਾਰਾ ਕੀਤਾ ਕਿ ਉਹ ਆਪਣੀ ਪੱਤ੍ਰੀ ਦੇ ਵਿਹਾਰਕ ਹਿੱਸੇ ਵਿੱਚ ਦਾਖ਼ਲ ਹੋ ਰਿਹਾ ਸੀ, ਜਦੋਂ ਉਸ ਨੇ "ਮੁਕਦੀ ਗੱਲ" ਅਤੇ "ਕਿਉਂਕਿ" ਸ਼ਬਦਾਂ ਦੀ ਵਰਤੋਂ ਕੀਤੀ, ਉਹ ਸ਼ਬਦ ਜਿਨ੍ਹਾਂ ਦਾ ਅਰਥ "ਸਿੱਟੇ" ਨਾਲੋਂ ਵੱਧ ਕੇ "ਬਾਕੀ ਬਚੇ ਹੋਏ" ਸੰਬੰਧੀ ਵਧੇਰੇ ਹੁੰਦਾ ਹੈ। ਉਸ ਨੇ ਬੜੀ ਨਰਮਾਈ ਨਾਲ ਥੱਸਲੁਨੀਕੀਆਂ ਦਾ ਭਰਾਵਾਂ ਵਜੋਂ ਹਵਾਲਾ ਦਿੱਤਾ ਅਤੇ ਉਸ ਨੇ ਉਨ੍ਹਾਂ ਨੂੰ ਬੇਨਤੀ ਅਤੇ ਤਗੀਦ ਕੀਤੀ ਭਈ ਪ੍ਰਭੂ ਦੇ ਰਾਹੀਂ ਉਹ ਉਸ ਸਿੱਖਿਆ ਦੇ ਅਨੁਸਾਰ ਆਪਣਾ ਜੀਵਨ ਜੀਉਣ ਜੋ ਉਨ੍ਹਾਂ ਨੇ ਕਬੂਲ ਕੀਤੀ ਸੀ। ਉਸ ਦਾ ਉਪਦੇਸ਼ ਇਸ ਗੱਲ ਦਾ ਉਦਾਹਰਣ ਦਿੰਦਾ ਹੈ ਕਿ ਮਸੀਹ ਵਿੱਚ ਆਏ ਨਵੇਂ ਲੋਕਾਂ ਨੂੰ ਉਦੋਂ ਅਤੇ ਹੁਣ ਕਿਵੇਂ ਜੀਉਣਾ ਹੈ।

*ਉਨ੍ਹਾਂ ਨੇ ਉਸ ਵਿੱਚ ਚੱਲਣਾ ਹੈ ਜੋ ਉਨ੍ਹਾਂ ਨੇ ਪ੍ਰਾਪਤ ਕੀਤਾ ਹੈ।* ਪੌਲੁਸ, ਤਿਮੋਥਿਉਸ ਅਤੇ ਸੀਲਾਸ ਨੇ ਥੱਸਲੁਨੀਕੀਆਂ ਨੂੰ ਖੁਸ਼ਖ਼ਬਰੀ ਅਤੇ ਇਸ ਅਨੁਸਾਰ ਜੀਵਨ ਜੀਉਣ ਦੀਆਂ

ਉਲਝਣਾਂ ਬਾਰੇ ਸਿੱਖਿਆ ਦਿੱਤੀ ਸੀ। ਉਨ੍ਹਾਂ ਨੂੰ ਜੀਉਣਾ ਸਿਖਾਇਆ ਗਿਆ ਸੀ। "ਚੱਲਣਾ" ਸ਼ਬਦ ਜੀਉਣ ਲਈ ਇੱਕ ਰੂਪਕ ਅਲੰਕਾਰ ਹੈ। ਮਸੀਹੀ ਜੀਵਨ ਇੱਕ ਕਦਮ ਨਹੀਂ ਹੈ, ਪਰ ਇੱਕ ਚਾਲ ਹੈ। ਇਹ ਇੱਕ ਸਮੇਂ ਵਿੱਚ ਹੋਣ ਵਾਲੀ ਛੋਟੀ, ਵਿਸ਼ੇਸ਼ ਘਟਨਾ ਨਹੀਂ ਹੈ, ਪਰ ਨਿਹਚਾ ਵਿੱਚ ਚੱਲਣ ਵਾਲਾ ਨਿਰੰਤਰ, ਨਿਰਵਿਘਨ ਜੀਵਨ ਹੈ।

*ਉਨ੍ਹਾਂ ਨੇ ਮਸੀਹ ਦੀਆਂ ਸਿੱਖਿਆਵਾਂ ਵਿੱਚ ਵਧਣਾ ਹੈ।* ਮਸੀਹੀ ਵਿਅਕਤੀ ਇੱਕੋ ਥਾਂ ਤੇ ਟਿਕਿਆ ਨਹੀਂ ਰਹਿੰਦਾ; ਬਲਕਿ ਉਹ ਨਿਹਚਾ ਵਿੱਚ ਵਧਦਾ ਹੈ, ਜਿਵੇਂ-ਜਿਵੇਂ ਉਹ ਉਮਰ ਵਿੱਚ ਵਧਦਾ ਜਾਂਦਾ ਹੈ ਅਤੇ ਆਤਮਿਕ ਤੌਰ ਤੇ ਸਿਆਣਾ ਹੁੰਦਾ ਜਾਂਦਾ ਹੈ ਉਹ ਜਿਆਦਾ ਤੋਂ ਜ਼ਿਆਦਾ ਮਸੀਹ ਦੀਆਂ ਸਿੱਖਿਆਵਾਂ ਅਨੁਸਾਰ ਜੀਵਨ ਜੀਉਂਦਾ ਹੈ।

*ਉਨ੍ਹਾਂ ਨੇ ਉਸ ਜ਼ਿੰਮੇਵਾਰੀ ਨੂੰ ਸੰਭਾਲਣਾ ਹੈ ਜੋ ਉਨ੍ਹਾਂ ਨੂੰ ਮਿਲੀ ਹੈ।* ਪੌਲੁਸ ਨੇ ਉਨ੍ਹਾਂ ਨੂੰ ਖੁਸ਼ਖ਼ਬਰੀ ਦੇ ਸੰਦੇਸ਼ ਦੇ ਪ੍ਰਤੀ ਵਫ਼ਾਦਾਰ ਰਹਿਣ ਦੀ ਜ਼ਿੰਮੇਵਾਰੀ ਸੌਂਪੀ। ਉਨ੍ਹਾਂ ਨੂੰ ਥੱਸਲੁਨੀਕੇ ਵਿੱਚ ਪ੍ਰਭੂ ਦੀ ਕਲੀਸੀਆ ਬਣਨ ਦਾ ਹੁਕਮ ਦਿੱਤਾ ਗਿਆ ਸੀ।

ਮਸੀਹ ਵਿੱਚ ਆਏ ਇਨ੍ਹਾਂ ਨਵੇਂ ਲੋਕਾਂ ਨੂੰ ਉਸ ਦੀ ਸਿੱਖਿਆ ਤਿੰਨ ਸ਼ਬਦਾਂ ਦੇ ਆਲੇ-ਦੁਆਲੇ ਘੁੰਮਦੀ ਹੈ: "ਚੱਲਣਾ," "ਵਧਣਾ" ਅਤੇ "ਸੰਭਾਲਣਾ।" ਉਸ ਨੇ ਇੱਕ ਸੰਖੇਪ ਪਰ ਵਿਹਾਰਕ ਤਰੀਕੇ ਨਾਲ ਮਸੀਹੀ ਵਿਅਕਤੀ ਦੀ ਜ਼ਿੰਮੇਵਾਰੀ ਦਾ ਨਿਚੋੜ ਕੱਢਿਆ। EC

**ਹਰਾਮਕਾਰੀ (4:3-8)**

ਜਦੋਂ ਪੌਲੁਸ ਇਨ੍ਹਾਂ ਗੱਲਾਂ ਵਿੱਚ ਸਧਾਰਨ ਤੋਂ ਵਿਸ਼ੇਸ਼ ਗੱਲ ਵੱਲ ਗਿਆ, ਉਸ ਦਾ ਵਿਸ਼ਾ ਸਿੱਖਿਆ ਸੰਬੰਧੀ ਸੰਦੇਸ਼ ਤੋਂ ਮਸੀਹੀ ਪਵਿੱਤਰਤਾ ਵਿੱਚ ਬਦਲ ਗਿਆ। ਹਰਾਮਕਾਰੀ ਪਰਾਈਆਂ ਕੌਮਾਂ ਵਿੱਚ ਪ੍ਰਚਲਿਤ ਪਾਪਾਂ ਵਿੱਚੋਂ ਇੱਕ ਸੀ। ਰਸਮੀ ਅਤੇ ਵਾਸਨਾਤਮਿਕ ਹਰਾਮਕਾਰੀ ਦੋਵੇਂ ਹੀ ਉਨ੍ਹਾਂ ਦੀ ਪਿਛਲੀ ਜੀਵਨ-ਸ਼ੈਲੀ ਦਾ ਹਿੱਸਾ ਸਨ। ਇਸ ਲਈ, ਇਹ ਜ਼ਰੂਰੀ ਸੀ ਕਿ ਪੌਲੁਸ ਸਪੱਸ਼ਟ ਤੌਰ ਤੇ ਉਨ੍ਹਾਂ ਦੇ ਸਾਹਮਣੇ ਉਨ੍ਹਾਂ ਰੱਬੀ ਕਾਰਣਾਂ ਨੂੰ ਪੇਸ਼ ਕਰਦਾ ਕਿ ਹਰਾਮਕਾਰੀ ਕਿਉਂ ਗਲਤ ਹੈ ਅਤੇ ਮਸੀਹੀ ਵਿਅਕਤੀ ਨੂੰ ਇਸ ਵਿੱਚ ਸ਼ਾਮਲ ਨਹੀਂ ਹੋਣਾ ਚਾਹੀਦਾ।

*ਇਹ ਪਰਮੇਸ਼ੁਰ ਦੀ ਇੱਛਾ ਹੈ ਕਿ ਹਰਾਮਕਾਰੀ ਤੋਂ ਬਚਿਆ ਜਾਵੇ* (ਆਇਤ 3)। ਪਵਿੱਤਰ ਵਚਨ ਵਿੱਚ ਇਹ ਉਨ੍ਹਾਂ ਥਾਵਾਂ ਵਿੱਚੋਂ ਇੱਕ ਹੈ ਜਿੱਥੇ ਸਾਨੂੰ ਪਰਮੇਸ਼ੁਰ ਦੀ ਇੱਛਾ ਬਾਰੇ ਸਿੱਧੇ ਅਤੇ ਸਾਫ਼ ਸ਼ਬਦਾਂ ਵਿੱਚ ਇਹ ਗੱਲ ਦੱਸੀ ਗਈ ਹੈ। ਅਸੀਂ ਪੁੱਛਦੇ ਹਾਂ, "ਪਰਮੇਸ਼ੁਰ ਦੀ ਇੱਛਾ ਕੀ ਹੈ?" ਅਸਲ ਵਿੱਚ, ਪੌਲੁਸ ਸਾਨੂੰ ਦੱਸਦਾ ਹੈ, "ਤੁਸੀਂ ਨਿਸ਼ਚਤ ਹੋ ਸਕਦੇ ਹੋ ਕਿ ਪਰਮੇਸ਼ੁਰ ਨਹੀਂ ਚਾਹੁੰਦੇ ਕਿ ਅਸੀਂ ਹਰਾਮਕਾਰੀ ਕਰੀਏ।"

*ਇਹ ਦੂਜਿਆਂ ਤੋਂ ਚੁਰਾਉਂਦੀ ਜਾਂ ਦੂਜਿਆਂ ਦਾ ਹੱਕ ਮਾਰਦੀ ਹੈ* (ਆਇਤ 6)। ਹਰਾਮਕਾਰੀ ਮੁੱਢਲੀ ਇਮਾਨਦਾਰੀ ਨੂੰ ਬਰਬਾਦ ਕਰ ਦਿੰਦੀ ਹੈ ਜੋ ਹਰੇਕ ਮਸੀਹੀ ਅੰਦਰ ਹੋਣੀ ਚਾਹੀਦੀ ਹੈ। ਇਹ ਹਰੇਕ ਵਿਅਕਤੀ ਦੀ ਸ਼ੁੱਧਤਾ ਨੂੰ ਜੋ ਅਸਲ ਵਿੱਚ ਉਸ ਦੇ ਸਾਥੀ ਜਾਂ ਸਾਥਣ ਦੀ ਹੁੰਦੀ ਹੈ ਲੁੱਟ ਲੈਂਦੀ ਹੈ ਜੋ ਇਸ ਵਿੱਚ ਸ਼ਾਮਲ ਹੁੰਦਾ ਹੈ।

*ਪਰਮੇਸ਼ੁਰ ਇਸ ਦੀ ਸਜ਼ਾ ਦੇਵੇਗਾ* (ਆਇਤ 6)। ਪਰਮੇਸ਼ੁਰ ਬੁਰਿਆਈ ਦਾ ਬਦਲਾ ਲੈਣ ਵਾਲਾ ਹੈ। ਉਹ ਇਹ ਵੇਖੇਗਾ ਕਿ ਸਾਰੇ ਪਾਪਾਂ-ਨਾ ਕਿ ਸਿਰਫ ਹਰਾਮਕਾਰੀ-ਦਾ ਸਹੀ ਢੰਗ ਨਾਲ ਬਦਲਾ ਲਿਆ ਗਿਆ ਹੈ। ਕੋਈ ਵੀ ਪਾਪ ਉਸ ਦੀਆਂ ਸਭ ਕੁਝ ਵੇਖਣ ਵਾਲੀਆਂ ਨਜ਼ਰਾਂ ਤੋਂ ਬਚ ਨਹੀਂ ਸਕਦਾ।

*ਹਰਾਮਕਾਰੀ ਪਵਿੱਤਰ ਆਤਮਾ ਦੇ ਵਿਰੁੱਧ ਇੱਕ ਪਾਪ ਹੈ* (ਆਇਤ 8)। ਪੌਲੁਸ ਦੇ ਅਨੁਸਾਰ, ਹਰੇਕ ਮਸੀਹੀ ਵਿਅਕਤੀ ਪਰਮੇਸ਼ੁਰ ਦੇ ਪਵਿੱਤਰ ਆਤਮਾ ਦੇ ਰਹਿਣ ਦਾ ਸਰੀਰਕ ਥਾਂ ਹੈ (1 ਕੁਰਿੰਥੀਆਂ 6:19, 20)। ਸਿੱਟੇ ਵਜੋਂ, ਇੱਕ ਮਸੀਹੀ ਵਿਅਕਤੀ ਦੇ ਲਈ ਈਸ਼ਵਰ ਦੀ ਹੈਕਲ ਹੁੰਦੇ ਹੋਏ ਪਰਮੇਸ਼ੁਰ ਦੇ ਧਰਮੀ ਆਤਮਾ ਦੇ ਨਿਵਾਸ ਸਥਾਨ ਨੂੰ ਲੈਣਾ ਅਤੇ ਇਸ ਨੂੰ ਹਰਾਮਕਾਰੀ ਕਰਕੇ ਭਰਿਸ਼ਟ ਕਰਨਾ ਅਸੰਭਵ ਹੋਵੇਗਾ।

ਜਦੋਂ ਕੋਈ ਇਨ੍ਹਾਂ ਤਿੰਨ ਕਾਰਣਾਂ ਤੇ ਵਿਚਾਰ ਕਰਦਾ ਹੈ ਕਿ ਹਰਾਮਕਾਰੀ ਨਹੀਂ ਕੀਤੀ ਜਾ ਸਕਦੀ, ਤਾਂ ਉਹ ਵੇਖਦਾ ਹੈ ਕਿ ਹਰਾਮਕਾਰੀ ਕਿੰਨੀ ਦੁਖਦਾਈ ਹੈ। ਕਿਸੇ ਵੀ ਮਸੀਹੀ ਨੂੰ ਇਸ ਦਾ ਬਚਾਅ ਨਹੀਂ ਕਰਨਾ ਚਾਹੀਦਾ, ਇਸ ਵਿੱਚ ਸ਼ਾਮਲ ਨਹੀਂ ਹੋਣਾ ਚਾਹੀਦਾ ਜਾਂ ਲਾਲਸਾ ਨਾਲ ਇਸ ਤੇ ਧਿਆਨ ਨਹੀਂ ਕਰਨਾ ਚਾਹੀਦਾ। EC

**ਪਵਿੱਤਰਤਾਈ ਵਿੱਚ ਚੱਲਣਾ (4:3-8)**

ਪੌਲੁਸ ਨੇ ਲਿਖਿਆ, "ਪਰਮੇਸ਼ੁਰ ਦੀ ਇੱਛਿਆ ਤੁਹਾਡੀ ਪਵਿੱਤਰਤਾਈ ਦੀ ਹੈ" (ਆਇਤ 3)। ਮਸੀਹੀ ਲੋਕਾਂ ਦੇ ਪਾਪ ਉਨ੍ਹਾਂ ਦੀ ਮਸੀਹੀ ਚਾਲ ਦੇ ਆਰੰਭ ਵਿੱਚ ਹੀ "ਧੋ ਦਿੱਤੇ ਗਏ ਸਨ" (ਰਸੂਲਾਂ ਦੇ ਕਰਤੱਬ 22:16) ਅਤੇ ਉਨ੍ਹਾਂ ਦੇ ਪਾਪ "ਮਾਫ਼ ਕੀਤੇ ਗਏ" ਜਦੋਂ ਉਹ ਆਪਣੀ ਮਸੀਹੀ ਚਾਲ ਦੌਰਾਨ ਤੌਬਾ ਕਰਦੇ ਹਨ (1 ਯੂਹੰਨਾ 1:7–10)। ਪੌਲੁਸ ਨੇ ਥੱਸਲੁਨੀਕੀਆਂ ਨੂੰ ਸਮਝਾਇਆ ਕਿ ਕਿਵੇਂ ਉਨ੍ਹਾਂ ਨੇ ਯੋਨ ਪਰਤਾਵੇ ਦੀ ਰੌਸ਼ਨੀ ਵਿੱਚ ਪਵਿੱਤਰ ਜੀਵਨ ਵਾਲੀ ਚਾਲ ਚੱਲਣੀ ਸੀ।

*"ਹਰਾਮਕਾਰੀ ਤੋਂ ਬਚੇ ਰਹੋ"* (ਆਇਤ 3)। ਗੈਰ-ਯਹੂਦੀ ਸ਼ਹਿਰਾਂ ਵਿੱਚ ਇਹ ਖ਼ਤਰਾ ਹਮੇਸ਼ਾ ਬਣਿਆ ਰਹਿੰਦਾ ਸੀ ਜਿੱਥੇ ਵੇਸਵਾਪਣ ਖ਼ੂਬ ਵਿਕਸਿਤ ਸੀ।

*"[ਤੁਹਾਡੇ] ਵਿੱਚੋਂ ਹਰ ਕੋਈ ਆਪਣੇ ਲਈ ਇਸਤ੍ਰੀ [ਆਂ] ਨੂੰ ਪਵਿੱਤਰਤਾਈ ਅਤੇ ਪਤ ਨਾਲ ਪਰਾਪਤ ਕਰਨਾ ਜਾਣੇ"* (ਆਇਤ 4)। "ਇਸਤ੍ਰੀ" ਸ਼ਬਦ ਦੇ ਅਰਥ ਤੇ ਕਾਫੀ ਬਹਿਸ ਹੁੰਦੀ ਹੈ। RSV ਬਾਈਬਲ ਦੇ ਅਨੁਵਾਦ ਵਿੱਚ ਇਸ ਦਾ ਅਰਥ "ਪਤਨੀ" ("ਆਪਣੇ ਲਈ ਪਤਨੀ ਲੈਣਾ") ਹੈ। ਫਿਰ ਵੀ, ਬਾਈਬਲ ਵਿੱਚ ਹੋਰ ਕਿਤੇ ਵੀ ਪਤਨੀ ਬਾਰੇ ਇਸ ਤਰੀਕੇ ਨਾਲ ਗੱਲ ਨਹੀਂ ਕੀਤੀ ਗਈ ਹੈ। "ਇਸਤ੍ਰੀ" ਸ਼ਬਦ ਦਾ ਸੰਭਵ ਤੌਰ ਤੇ "ਸਰੀਰ" (NIV) ਵਜੋਂ ਅਨੁਵਾਦ ਕੀਤਾ ਜਾ ਸਕਦਾ ਹੈ। ਇਸ ਨੂੰ ਸਕਾਰਾਤਮਕ ਤੌਰ ਤੇ ਦੱਸਣ ਲਈ, ਮਸੀਹੀ ਲੋਕਾਂ ਨੇ "ਪਵਿੱਤਰਤਾਈ ਅਤੇ ਪਤ" ਨਾਲ ਆਪਣੇ ਸਰੀਰਾਂ ਨੂੰ ਵੱਸ ਵਿੱਚ ਕਰਨਾ ਹੈ (ਆਇਤ 4; ਵੇਖੋ ਰੋਮੀਆਂ 6:19)। ਇਸ ਨੂੰ ਨਕਾਰਾਤਮਕ ਤੌਰ ਤੇ ਦੱਸਣ ਲਈ, ਮਸੀਹੀ ਲੋਕਾਂ ਨੇ "ਕਾਮ ਦੀ ਵਾਸ਼ਨਾ" ਨਾਲ ਆਪਣੇ ਸਰੀਰਾਂ ਨੂੰ ਨਹੀਂ ਰਿਝਾਉਣਾ ਹੈ (ਆਇਤ 5)।

*ਸਰੀਰ ਦੀਆਂ ਇੱਛਾਵਾਂ ਨੂੰ ਵੱਸ ਵਿੱਚ ਕਰਨ ਦੇ ਲਈ "ਨਾ ਆਪਣੇ ਭਾਈ ਨਾਲ ਵਾਧਾ ਕਰੇ"* (ਆਇਤ 6)। ਆਪਣੇ ਭਰਾ ਨਾਲ ਵਾਧਾ ਕਰਨਾ ਕਿਸੇ ਹੋਰ ਦੀ ਪਤਨੀ ਨਾਲ ਹਰਾਮਕਾਰੀ ਕਰਨ ਦੇ ਰੂਪ ਵਿੱਚ ਆ ਸਕਦਾ ਹੈ। ਆਪਣੇ ਭਰਾ ਨਾਲ ਵਾਧਾ ਕਰਨਾ ਕੁਆਰੀ ਔਰਤ ਨਾਲ ਨਜਾਇਜ਼ ਸੰਬੰਧ ਰੱਖਣ ਦੇ ਰੂਪ ਵਿੱਚ ਆ ਸਕਦਾ ਹੈ ਅਤੇ ਇਸ ਤਰ੍ਹਾਂ ਕਰਕੇ ਉਸ ਵਿਅਕਤੀ ਦੇ ਭਵਿੱਖ ਦੇ ਸਾਥੀ ਨਾਲ ਵਾਧਾ ਜਾਂ ਧੋਖਾ ਕਰਨਾ ਹੈ ਜਿਸ ਨਾਲ ਉਸ ਦਾ ਵਿਆਹ ਹੋਣ ਵਾਲਾ ਹੈ।

*ਸਮਝ ਲਓ ਕਿ "ਪ੍ਰਭੂ ਇਨ੍ਹਾਂ ਸਭਨਾਂ ਗੱਲਾਂ ਦਾ ਬਦਲਾ ਲੈਣ ਵਾਲਾ ਹੈ"* (ਆਇਤ 6)। "ਬਦਲਾ ਲੈਣ ਵਾਲਾ," ਜਿਵੇਂ ਕਿ ਇੱਥੇ ਇਹ ਸ਼ਬਦ ਵਰਤਿਆ ਗਿਆ ਹੈ, ਉਹ ਨਹੀਂ ਹੈ

ਜਿਹੜਾ ਹਿਸਾਬ ਬਰਾਬਰ ਕਰਨ ਵਾਲਾ ਹੁੰਦਾ ਹੈ, ਪਰ ਉਹ ਹੈ ਜਿਹੜਾ ਨਿਆਂ ਕਰਦਾ ਹੈ। ਪੌਲੁਸ ਨੇ ਥੱਸਲੁਨੀਕੀਆਂ ਨੂੰ ਇਸ ਸੰਬੰਧੀ ਚਿਤਾਵਨੀ ਦਿੱਤੀ ਸੀ ਜਦੋਂ ਉਹ ਉਨ੍ਹਾਂ ਦੇ ਨਾਲ ਸੀ ਅਤੇ ਉਸ ਨੇ ਇਸ ਨੂੰ ਗੰਭੀਰ ਗੱਲ ਸਮਝਿਆ ਸੀ। "ਕਿਉਂ ਜੋ ਪਰਮੇਸ਼ੁਰ ਨੇ ਸਾਨੂੰ ਪਲੀਤੀ ਲਈ ਨਹੀਂ ਸਗੋਂ ਪਵਿੱਤਰਤਾਈ ਵਿੱਚ ਸੱਦਿਆ" (ਆਇਤ 7)।

*ਯਾਦ ਰੱਖੋ ਕਿ "ਇਹ [ਸਿਧਾਂਤ] ਰੱਦਣਾ ਮਨੁੱਖ ਨੂੰ ਨਹੀਂ ਸਗੋਂ ਪਰਮੇਸ਼ੁਰ ਨੂੰ ਰੱਦਣਾ ਹੈ"* (ਆਇਤ 8)। ਪਰਮੇਸ਼ੁਰ ਸਾਡਾ ਰਚਨਹਾਰ ਹੈ। ਉਹੀ ਹੈ ਜਿਹੜਾ ਬਪਤਿਸਮੇ ਦੇ ਸਮੇਂ ਸਾਨੂੰ "ਆਪਣਾ ਪਵਿੱਤਰ ਆਤਮਾ ਦਿੰਦਾ ਹੈ" (ਆਇਤ 8; ਵੇਖੋ ਰਸੂਲਾਂ ਦੇ ਕਰਤੱਬ 2:38; 5:32) ਅਤੇ ਉਹ ਆਪਣੇ ਆਤਮਾ ਨੂੰ ਨਿਰੰਤਰ ਸਾਡੇ ਅੰਦਰ ਰਹਿਣ ਦਿੰਦਾ ਹੈ (1 ਕੁਰਿੰਥੀਆਂ 6:19, 20)। ਅਸ਼ੁੱਧ ਜੀਵਨਸ਼ੈਲੀ ਨੂੰ ਗਲੇ ਲਾ ਕੇ ਪਵਿੱਤਰ ਆਤਮਾ ਨੂੰ ਸਵੀਕਾਰ ਕਰਨ ਦਾ ਦਾਅਵਾ ਕਰਨਾ ਇੱਕ ਵਿਰੋਧਾਭਾਸ ਹੈ। ਅਜਿਹਾ ਵਿਹਾਰ "ਪਵਿੱਤਰ ਆਤਮਾ ਨੂੰ ਉਦਾਸ ਕਰਦਾ ਹੈ" (ਅਫ਼ਸੀਆਂ 4:30) ਅਤੇ ਪਿਤਾ ਅਤੇ ਲਾੜੇ ਨੂੰ ਅਪ੍ਰਸੰਨ ਕਰਦਾ ਹੈ।

ਮਸੀਹੀ ਚਾਲ ਚੱਲਣ ਦੇ ਲਈ, ਅਸੀਂ ਅਜਿਹੀਆਂ ਅਸ਼ੁੱਧਤਾਈਆਂ ਤੋਂ ਬਚਣਾ ਹੈ। ਸਾਡਾ ਲਾੜਾ ਚਾਹੁੰਦਾ ਹੈ ਕਿ ਅਸੀਂ ਸਾਰੀ ਹਰਾਮਕਾਰੀ-ਆਪਣੀ ਪਤਨੀ/ਪਤੀ ਤੋਂ ਇਲਾਵਾ ਕਿਸੇ ਹੋਰ ਨਾਲ ਸੰਭੋਗ ਕਰਨਾ ਅਤੇ ਭਾਰੀ ਲਾਡ ਲਡਾਉਣਾ ਜੋ ਕੁਆਰੇ ਵਿਅਕਤੀਆਂ ਵਿਚਾਲੇ ਯੋਨ ਇੱਛਾ ਨੂੰ ਜਗਾਉਂਦੇ ਹਨ-ਤੋਂ ਬਚ ਕੇ ਰਹੀਏ। EE

**ਸਾਡੇ ਜੀਵਨਾਂ ਵਿੱਚ ਪਰਮੇਸ਼ੁਰ ਦੀ ਇੱਛਾ (4:1-8)**

ਪਰਮੇਸ਼ੁਰ ਦੇ ਵਚਨ ਰਾਹੀਂ ਸਾਡੇ ਕੋਲ ਪਰਮੇਸ਼ੁਰ ਦੇ ਮਨ ਨੂੰ ਜਾਂਚਣ ਅਤੇ ਇਹ ਜਾਣਨ ਦਾ ਮੌਕਾ ਹੈ ਕਿ ਪਰਮੇਸ਼ੁਰ ਕੀ ਸੋਚਦਾ ਹੈ। ਪਰਮੇਸ਼ੁਰ ਸਾਡੇ ਜੀਵਨਾਂ ਤੋਂ ਕੀ ਚਾਹੁੰਦਾ ਹੈ ਉਸ ਤੇ ਅਸੀਂ ਪਰਮੇਸ਼ੁਰ ਦੇ ਦ੍ਰਿਸ਼ਟੀਕੋਣ ਨੂੰ ਪ੍ਰਾਪਤ ਕਰ ਸਕਦੇ ਹਾਂ।

ਪੱਤ੍ਰੀ ਦੇ ਇਸ ਭਾਗ ਤੋਂ ਪਹਿਲਾਂ ਤਿੰਨ ਅਧਿਆਵਾਂ ਵਿੱਚ ਅਨੰਦ ਨਾਲ ਭਰੀ ਖੁਸ਼ਖ਼ਬਰੀ ਹੈ, ਪੌਲੁਸ ਨੇ ਥੱਸਲੁਨੀਕੀਆਂ ਵਿਚਾਲੇ ਖੁਸ਼ਖ਼ਬਰੀ ਪ੍ਰਚਾਰ ਅਤੇ ਉਨ੍ਹਾਂ ਲੋਕਾਂ ਦੁਆਰਾ ਜਿਹੜੇ ਮਸੀਹੀ ਬਣ ਚੁੱਕੇ ਸਨ ਸੰਦੇਸ਼ ਨੂੰ ਬੜੀ ਉਤਸੁਕਤਾ ਨਾਲ ਸਵੀਕਾਰ ਕਰਨ ਦੇ ਬਾਰੇ ਚੇਤੇ ਕੀਤਾ। ਉਸ ਤੋਂ ਬਾਅਦ ਸਗੋਂ ਸਤਾਅ ਦੇ ਵਿੱਚ ਵੀ ਨਿਹਚਾ ਵਿੱਚ ਵਧਣ ਅਤੇ ਪਿਆਰ ਦਾ ਸਮਾਂ ਸੀ। ਇਨ੍ਹਾਂ ਨਵੇਂ ਮਸੀਹੀ ਲੋਕਾਂ ਦੀ ਉੱਨਤੀ ਉਨ੍ਹਾਂ ਨੂੰ ਸਿਖਾਉਣ ਵਾਲਿਆਂ ਦੇ ਲਈ ਵੱਡੇ ਅਨੰਦ ਅਤੇ ਤਸੱਲੀ ਦਾ ਇੱਕ ਸਰੋਤ ਸੀ। ਉੱਨਤੀ ਦੇ ਇਸ ਸਮੇਂ ਨੂੰ ਚੇਤੇ ਕਰਕੇ, ਪੌਲੁਸ ਨੇ ਫਿਰ ਕੁਝ ਮਹੱਤਵਪੂਰਣ ਸਿਧਾਂਤਾਂ ਅਤੇ ਪੱਧਤੀਆਂ ਤੇ ਚਰਚਾ ਕਰਨਾ ਆਰੰਭ ਕੀਤਾ ਜਿਨ੍ਹਾਂ ਦੀ ਇਨ੍ਹਾਂ ਨੌਜਵਾਨ ਮਸੀਹੀ ਲੋਕਾਂ ਨੂੰ ਉਨ੍ਹਾਂ ਦੇ ਉੱਨਤੀ ਕਰਦੇ ਰਹਿਣ ਵਿੱਚ ਮਦਦ ਕਰਨ ਲਈ ਬਹੁਤ ਜ਼ਿਆਦਾ ਲੋੜ ਸੀ।

ਮਸੀਹੀ ਉੱਨਤੀ ਦਾ ਇੱਕ ਮਹੱਤਵਪੂਰਣ ਹਿੱਸਾ ਜੀਵਨ ਦੀ ਪਵਿੱਤਰਤਾਈ ਹੈ ਅਤੇ ਉਸ ਪਰਮੇਸ਼ੁਰ ਨੂੰ ਪ੍ਰਦਰਸ਼ਿਤ ਕਰਨ ਦੇ ਲਈ ਜਿਸ ਦੀ ਇਹ ਮਸੀਹ ਲੋਕ ਬੰਦਗੀ ਕਰਦੇ ਸਨ ਪਵਿੱਤਰਤਾਈ ਦੀ ਲੋੜ ਸੀ। ਇਸ ਮੂਰਤੀਪੂਜਕ ਸਮਾਜ ਵਿੱਚ, ਲੋਕਾਂ ਦੇ ਜੀਵਨ ਉਨ੍ਹਾਂ ਦੇਵਤਿਆਂ ਦੀ ਇੱਛਾ ਨੂੰ ਪਰਗਟ ਕਰਦੇ ਸਨ ਜਿਨ੍ਹਾਂ ਵਿੱਚ ਉਹ ਲੋਕ ਵਿਸ਼ਵਾਸ ਕਰਦੇ ਅਤੇ ਜਿਨ੍ਹਾਂ ਦੀ ਉਹ ਪੂਜਾ ਕਰਦੇ ਸਨ। ਜੇਕਰ ਪਰਾਈਆਂ ਕੌਮਾਂ ਦੇ ਸਮਾਜ ਨੇ ਸੱਚੇ ਪਰਮੇਸ਼ੁਰ ਬਾਰੇ ਜਾਣਨਾ ਸੀ ਤਾਂ ਮਸੀਹੀ ਲੋਕਾਂ ਦੇ ਜੀਵਨਾਂ ਨੂੰ ਪਰਮੇਸ਼ੁਰ ਦੀ ਪਵਿੱਤਰਤਾਈ ਦੀ

ਅਸਲੀ ਤਸਵੀਰ ਪੇਸ਼ ਕਰਨੀ ਪੈਣੀ ਸੀ।

*ਪਰਮੇਸ਼ੁਰ ਦੀ ਭੂਮਿਕਾ ਨੂੰ ਭਾਲੋ* (4:1)। ਪੌਲੁਸ ਨੇ ਆਪਣੇ ਪਾਠਕਾਂ ਨੂੰ "ਬੇਨਤੀ ਅਤੇ ਤਗੀਦ" ਜਾਂ ਮਿੰਨਤ ਕਰਨਾ ਆਰੰਭ ਕੀਤਾ। ਇਹ ਸ਼ਬਦ ਸਾਡਾ ਧਿਆਨ ਇੱਕ ਖਾਸ ਬੇਨਤੀ ਵੱਲ ਲੈ ਕੇ ਜਾਂਦੇ ਹਨ ਜੋ ਅਕਸਰ ਇੱਕ ਪੱਤ੍ਰੀ ਦੇ ਮੁੱਖ ਉਦੇਸ਼ਾਂ ਵਿੱਚੋਂ ਇੱਕ ਵੱਲ ਇਸ਼ਾਰਾ ਕਰਦੇ ਹਨ।

ਪੌਲੁਸ ਕਲੀਸੀਆ ਨੂੰ ਕੀ ਕਰਨ ਦੇ ਲਈ ਕਹਿ ਰਿਹਾ ਸੀ? ਚੱਲਣ ਅਤੇ ਪਰਮੇਸ਼ੁਰ ਨੂੰ ਪਰਸੰਨ ਕਰਨ ਵਿੱਚ "ਹੋਰ ਵੀ ਵਧਦੇ ਚੱਲੇ ਜਾਓ।" ਕੀ ਇਸ ਦਾ ਮਤਲਬ ਇਹ ਹੈ ਕਿ ਉਹ ਵਧੀਆ ਨਹੀਂ ਕਰ ਰਹੇ ਸਨ? ਬਿਲਕੁਲ ਵੀ ਨਹੀਂ !ਇਸ ਆਇਤ ਵਿੱਚ ਉਨ੍ਹਾਂ ਨੂੰ ਦੱਸਿਆ ਗਿਆ ਹੈ ਕਿ ਉਹ ਪਹਿਲਾਂ ਤੋਂ ਹੀ ਵਧ ਰਹੇ ਸਨ। ਇਸ ਪੱਤ੍ਰੀ ਵਿੱਚ ਅਨੇਕਾਂ ਵਾਰ ਪੌਲੁਸ ਨੇ ਇਨ੍ਹਾਂ ਮਸੀਹੀ ਲੋਕਾਂ ਨੂੰ ਉਸ ਵਿੱਚ ਹੋਰ ਵੀ ਬਿਹਤਰ ਕਰਨ ਦੇ ਲਈ ਆਖਿਆ ਹੈ ਜੋ ਉਹ ਪਹਿਲਾਂ ਤੋਂ ਵਧੀਆ ਢੰਗ ਨਾਲ ਕਰ ਰਹੇ ਸਨ। 4:9, 10 ਵਿੱਚ, ਉਸ ਨੇ ਪ੍ਰੇਮ ਕਰਨ ਦੇ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ ਪਰ ਫਿਰ ਵੀ ਉਨ੍ਹਾਂ ਨੂੰ ਪ੍ਰੇਮ ਕਰਨ ਵਿੱਚ ਹੋਰ ਜ਼ਿਆਦਾ ਵਧਣ ਲਈ ਆਖਿਆ; 5:11 ਵਿੱਚ ਉਸ ਨੇ ਉਨ੍ਹਾਂ ਨੂੰ ਇੱਕ ਦੂਏ ਨੂੰ ਤਸੱਲੀ ਦੇਣ ਅਤੇ ਇੱਕ ਦੂਏ ਦੀ ਉੱਨਤੀ ਕਰਨ ਦੇ ਲਈ ਆਖਿਆ, ਜਿਵੇਂ ਕਿ ਉਹ ਕਰ ਰਹੇ ਸਨ।

ਥੱਸਲੁਨੀਕੇ ਦੇ ਮਸੀਹੀ ਲੋਕਾਂ ਦਾ ਧੰਨਵਾਦ ਅਤੇ ਸ਼ਲਾਘਾ ਕਰਨ ਤੋਂ ਬਾਅਦ, ਪੌਲੁਸ ਨੇ ਪੱਤ੍ਰੀ ਦਾ ਬਾਕੀ ਹਿੱਸਾ ਉਨ੍ਹਾਂ ਨੂੰ ਪਰਮੇਸ਼ੁਰ ਦੇ ਨਾਲ ਉਨ੍ਹਾਂ ਦੀ ਚਾਲ ਵਿੱਚ ਹੋਰ ਵੀ ਜ਼ਿਆਦਾ ਸੇਵਾ ਕਰਨ ਦੇ ਲਈ ਉਤਸ਼ਾਹਿਤ ਕਰਨ ਵਾਸਤੇ ਲਿਖਿਆ।

ਉਨ੍ਹਾਂ ਨੇ ਆਪਣੇ ਜੀਵਨਾਂ ਵਿੱਚ ਕਿਸ ਤਰ੍ਹਾਂ ਚੱਲਣਾ ਸੀ? ਪਰਮੇਸ਼ੁਰ ਨੂੰ ਪਰਸੰਨ ਕਰਨਾ! ਅਫ਼ਸੁਸ ਦੀ ਕਲੀਸੀਆਂ ਨੂੰ ਕਿਹਾ ਗਿਆ ਸੀ ਕਿ "ਪਰਤਾ ਕੇ ਵੇਖੋ ਜੋ ਪਰਮੇਸ਼ੁਰ ਨੂੰ ਕੀ ਭਾਉਂਦਾ ਹੈ" (ਅਫ਼ਸੀਆਂ 5:10)। ਸਾਡਾ ਨਿਸ਼ਾਨਾ ਵੀ ਇਹੋ ਹੋਣਾ ਚਾਹੀਦਾ ਹੈ।

*ਪਰਮੇਸ਼ੁਰ ਦੇ ਹੁਕਮਾਂ ਨੂੰ ਚੇਤੇ ਰੱਖੋ* (4:2)। ਥੱਸਲੁਨੀਕੇ ਦੇ ਮਸੀਹੀ ਲੋਕਾਂ ਨੂੰ ਉਹ ਚੇਤੇ ਰੱਖਣ ਦੇ ਲਈ ਕਿਹਾ ਗਿਆ ਸੀ ਜੋ ਉਨ੍ਹਾਂ ਨੇ ਪਹਿਲਾਂ ਤੋਂ ਸਿੱਖਿਆ ਹੋਇਆ ਸੀ। ਅਸੀਂ ਅਧਿਆਇ ਵਿੱਚ ਥੋੜ੍ਹਾ ਜਿਹਾ ਅੱਗੇ ਜਾ ਕੇ ਇਹ ਵੇਖਾਂਗੇ ਕਿ ਉਹ ਕੀ ਸੀ, ਪਰ ਮੁੱਖ ਨਿਰਦੇਸ਼ ਇਹੋ ਸੀ ਕਿ ਉਹ ਉਸ ਸਿੱਖਿਆ ਨੂੰ ਨਾ ਭੁੱਲਣ ਜੋ ਉਨ੍ਹਾਂ ਨੇ ਪਹਿਲਾਂ ਤੋਂ ਹੀ ਪ੍ਰਾਪਤ ਕੀਤੀ ਹੋਈ ਸੀ (4:2)।

ਕਿੰਨੀ ਵਾਰ ਅਸੀਂ ਅਕਸਰ ਉਸ ਨੂੰ ਇੱਕ ਪਾਸੇ ਰੱਖ ਦਿੰਦੇ ਹਾਂ ਜੋ ਅਸੀਂ ਪਹਿਲਾਂ ਤੋਂ ਜਾਣਦੇ ਹਾਂ! ਸਾਡੇ ਕੋਲ ਇਹ ਕਰਨ ਦੇ ਕਈ ਕਾਰਣ ਹੋ ਸਕਦੇ ਹਨ। ਸ਼ਾਇਦ ਸਿੱਖਿਆ ਨੂੰ ਸਮਝਣਾ ਔਖਾ ਹੈ; ਸ਼ਾਇਦ ਅਸੀਂ ਇਸ ਨੂੰ ਸਵੀਕਾਰ ਕਰਨ ਦੇ ਅਣਇੱਛੁਕ ਹਾਂ; ਸ਼ਾਇਦ ਅਸੀਂ ਸੋਚਦੇ ਹਾਂ ਕਿ ਸਾਨੂੰ ਇਸ ਦੀ ਲੋੜ ਨਹੀਂ ਹੈ; ਜਾਂ ਸ਼ਾਇਦ ਅਸੀਂ ਇਸ ਨੂੰ ਲਾਗੂ ਕਰਨ ਵਿੱਚ ਬਹੁਤ ਹੀ ਆਲਸੀ ਹਾਂ। ਕਈ ਵਾਰ ਅਸੀਂ ਸੋਚਦੇ ਹਾਂ ਕਿ ਸੱਚਾਈ ਨੂੰ ਜਾਣਨਾ ਉਸ ਸੱਚਾਈ ਦੀ ਸਮੁੱਚੀ ਪ੍ਰਾਸੰਗਿਕਤਾ ਹੈ।

ਕਾਰਣ ਭਾਵੇਂ ਕੋਈ ਵੀ ਹੋਵੇ, ਪਰਮੇਸ਼ੁਰ ਦੇ ਵਚਨ ਵਿੱਚੋਂ ਬਹੁਮੁੱਲੀ ਸਿੱਖਿਆ ਨੂੰ ਪ੍ਰਾਪਤ ਕਰਨਾ ਅਤੇ ਫਿਰ ਇਸ ਨੂੰ ਇੱਕ ਪਾਸੇ ਰੱਖ ਦੇਣਾ ਅਤੇ ਇਸ ਤੇ ਅਮਲ ਨਾ ਕਰਨਾ ਕਿੰਨੀ ਵਿਅਰਥ ਗੱਲ ਹੈ! ਜੇਕਰ ਇਸ ਤਰ੍ਹਾਂ ਹੁੰਦਾ ਹੈ ਤਾਂ ਸਿੱਖਿਆ ਦੇਣ ਵਾਲਿਆਂ ਨੂੰ ਸਾਨੂੰ ਸਾਡੇ ਨਿਰਦੇਸ਼ ਨੂੰ ਚੇਤੇ ਰੱਖਣ ਲਈ ਉਤਸ਼ਾਹਿਤ ਕਰਨਾ ਅਤੇ ਸਾਨੂੰ ਫੇਰ ਤੋਂ ਦੱਸਣਾ ਚਾਹੀਦਾ ਹੈ ਤਾਂ ਜੋ ਅਸੀਂ ਇਸ ਦੇ ਅਨੁਸਾਰ ਆਪਣੀ ਜੀਵਨ ਬਤੀਤ ਕਰ ਸਕੀਏ। ਸਾਨੂੰ ਲਗਾਤਾਰ ਉਸ

ਨੂੰ ਦੁਬਾਰਾ ਚੇਤੇ ਕਰਨਾ ਚਾਹੀਦਾ ਹੈ ਜੋ ਪਰਮੇਸ਼ੁਰ ਕਹਿੰਦਾ ਹੈ-ਅਤੇ ਇਸ ਨੂੰ ਕਰਨਾ ਚਾਹੀਦਾ ਹੈ!

*ਹਰਾਮਕਾਰੀ ਤੋਂ ਬਚਣਾ* (4:3)। ਆਇਤ 3 "ਪਵਿੱਤਰਤਾਈ" ਅਤੇ "ਹਰਾਮਕਾਰੀ" ਵਿਚਕਾਰ ਵਿਸ਼ਾਲ ਤੁਲਨਾ ਤੇ ਕੇਂਦਰਿਤ ਹੈ। ਪਵਿੱਤਰ ਵਿਅਕਤੀ ਪਰਮੇਸ਼ੁਰ ਦੀ ਵਰਤੋਂ ਲਈ ਰੱਖਿਆ ਗਿਆ ਹੈ, ਉਹ ਕਰਨ ਦੇ ਲਈ ਜੋ ਪਰਮੇਸ਼ੁਰ ਨੂੰ ਪਰਸੰਨ ਕਰਦਾ ਹੈ। ਹਰਾਮਕਾਰੀ ਕਰਨਾ ਵਾਲਾ ਵਿਅਕਤੀ ਜਿਵੇਂ ਉਸ ਨੂੰ ਚੰਗਾ ਲੱਗਦਾ ਹੈ ਉਸ ਦੀ ਆਪਣੀ ਹਰਾਮਕਾਰੀ ਦੀ ਭੁੱਖ ਨੂੰ ਮਿਟਾਉਂਦਾ ਹੈ। ਪਵਿੱਤਰਤਾਈ ਦਾ ਇੱਕ ਖਾਸ ਵਰਤੋਂ ਲਈ ਵੱਖਰੇ ਕਰਕੇ ਜਾਂ ਸੰਭਾਲ ਕੇ ਰੱਖੇ ਜਾਣ ਦੇ ਤੌਰ ਤੇ ਵਰਣਨ ਕੀਤਾ ਜਾ ਸਕਦਾ ਹੈ। ਉਹ ਜੋ ਪਰਮੇਸ਼ੁਰ ਦੀ ਵਰਤੋਂ ਲਈ ਵੱਖਰਾ ਕਰਕੇ ਰੱਖਿਆ ਗਿਆ ਹੈ ਉਸ ਦਾ ਬਾਈਬਲ ਵਿੱਚ, "ਪਵਿੱਤਰ" ਵਜੋਂ ਵਰਣਨ ਕੀਤਾ ਗਿਆ ਹੈ। ਕਿਉਂਕਿ ਪਰਮੇਸ਼ੁਰ ਦੇ ਲੋਕਾਂ ਨੂੰ ਪਰਮੇਸ਼ੁਰ ਦੇ ਤਰੀਕੇ ਨਾਲ ਵੱਖਰਾ ਕੀਤਾ ਗਿਆ ਹੈ, ਉਹ ਪਵਿੱਤਰ ਲੋਕ ਜਾਂ "ਸੰਤ" ਹਨ। "ਪਵਿੱਤਰਤਾਈ" ਲਈ ਨਵੇਂ ਨੇਮ ਵਿੱਚ ਵਰਤੇ ਜਾਣ ਵਾਲੇ ਸ਼ਬਦ "ਸੰਤ" ਅਤੇ "ਪਵਿੱਤਰ" ਉਸੇ ਮੂਲ ਯੂਨਾਨੀ ਸ਼ਬਦ ਤੋਂ ਆਉਂਦੇ ਹਨ ਅਤੇ ਉਹੀ ਵਿਚਾਰ ਰੱਖਦੇ ਹਨ।

ਅਸੀਂ ਵੱਖ-ਵੱਖ ਚੀਜ਼ਾਂ ਦੀਆਂ ਖਾਸ ਵਰਤੋਂ ਕਰਨ ਦੇ ਆਦੀ ਹੋ ਚੁੱਕੇ ਹਾਂ। ਮੇਜ਼ ਦਾ ਕੱਪੜੇ ਮੇਜ਼ ਤੇ ਵਰਤਣ ਲਈ ਰੱਖਿਆ ਜਾਂਦਾ ਹੈ; ਅਸੀਂ ਇਸ ਨੂੰ ਫਰਸ਼ ਸਾਫ਼ ਕਰਨ ਲਈ ਜਾਂ ਆਪਣੇ ਬੂਟਾਂ ਨੂੰ ਪਾਲਸ਼ ਕਰਨ ਲਈ ਨਹੀਂ ਵਰਤਦੇ। ਉਸੇ ਤਰ੍ਹਾਂ, ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਉਸ ਦੇ ਦੁਆਰਾ ਵਤਰੇ ਜਾਣ ਜਾਣ ਲਈ ਆਪਣੇ ਆਪ ਨੂੰ ਖਾਸ ਵਰਤੋਂ ਲਈ ਸੰਭਾਲ ਕੇ ਰੱਖੀਏ। ਸਗੋਂ ਸਾਡੇ ਲੈਂਗਿਕ ਜੀਵਨ ਖਾਸ ਵਰਤੋਂ-ਵਿਆਹ-ਲਈ ਸੰਭਾਲ ਕੇ ਰੱਖੇ ਗਏ ਹਨ।

ਕੁਝ ਲੋਕਾਂ ਨੇ ਸੋਚਿਆ ਕਿ ਯੋਨ ਸੰਬੰਧ ਰੱਖਣਾ ਆਪਣੇ ਆਪ ਵਿੱਚ ਗਲਤ ਹੈ ਅਤੇ ਇਸ ਲਈ ਇਹ ਸਿੱਖਿਆ ਦਿੱਤੀ ਕਿ ਇਕੱਲੇ ਜਾਂ ਕੁਆਰੇ ਰਹਿਣਾ ਜ਼ਿਆਦਾ ਪਵਿੱਤਰ ਅਵਸਥਾ ਹੈ। ਇਸੇ ਕਰਕੇ ਉਨ੍ਹਾਂ ਨੇ ਕੁਝ ਨੂੰ ਜਾਂ ਸਭਨਾਂ ਨੂੰ ਵਿਆਹ ਕਰਵਾਉਣ ਤੋਂ ਮਨ੍ਹਾ ਕਰ ਦਿੱਤਾ। ਪਰਮੇਸ਼ੁਰ ਦਾ ਵਚਨ ਸਿੱਖਿਆ ਦਿੰਦਾ ਹੈ ਕਿ ਕੁਝ ਲੋਕਾਂ ਦੇ ਨਿਹਚਾ ਤੋਂ ਫਿਰਨ ਤੋਂ ਇੱਕ ਚਿੰਨ੍ਹ ਇਹ ਹੋਵੇਗਾ ਕਿ ਲੋਕ "ਵਿਆਹ ਕਰਨ ਤੋਂ ਵਰਜਦੇ ਹਨ" (1 ਤਿਮੋਥਿਉਸ 4:1–3)। ਪਰਮੇਸ਼ੁਰ ਦੀ ਸਿੱਖਿਆ ਇਹ ਹੈ ਕਿ "ਵਿਆਹ ਕਰਨਾ ਸਭਨਾਂ ਵਿੱਚ ਆਦਰ ਜੋਗ ਗਿਣਿਆ ਜਾਵੇ ਅਤੇ ਵਿਛਾਉਣਾ ਬੇਦਾਗ ਰਹੇ ਕਿਉਂ ਜੋ ਪਰਮੇਸ਼ੁਰ ਹਰਾਮਕਾਰਾਂ ਅਤੇ ਵਿਭਚਾਰੀਆਂ ਦਾ ਨਿਆਉਂ ਕਰੇਗਾ" (ਇਬਰਾਨੀਆਂ 13:4)। ਯੋਨ ਸੰਬੰਧ ਵਡਮੁੱਲੇ ਹੁੰਦੇ ਹਨ ਅਤੇ ਵਿਆਹ ਵਿੱਚ ਪਰਮੇਸ਼ੁਰ ਉਨ੍ਹਾਂ ਦਾ ਆਦਰ ਕਰਦਾ ਹੈ। ਜਦੋਂ ਅਸੀਂ ਵਿਆਹ ਕਰਵਾ ਕੇ ਸੰਭੋਗ ਕਰਦੇ ਹਾਂ, ਅਸੀਂ ਪਰਮੇਸ਼ੁਰ ਦੇ ਤਰੀਕੇ ਦੇ ਜੀਵਨ ਲਈ ਪਵਿੱਤਰ ਕੀਤੇ ਜਾਂਦੇ ਹਾਂ।

*ਪਵਿੱਤਰ ਬਣਨਾ ਸਿੱਖੋ* (4:4)। ਆਪਣੇ ਸਰੀਰਾਂ ਨੂੰ ਸਹੀ ਤਰੀਕੇ ਨਾਲ ਸਹੀ ਉਦੇਸ਼ ਦੇ ਲਈ ਵਰਤਣਾ ਸਿੱਖਣਾ "ਸੁਭਾਵਕ" ਕੰਮ ਨਹੀਂ ਹੈ। ਸਾਨੂੰ ਸਿੱਖਣ ਦੀ ਲੋੜ ਹੈ ਕਿ ਇਸ ਨੂੰ ਕਿਵੇਂ ਕੀਤਾ ਜਾ ਸਕਦਾ ਹੈ (4:4)।

ਜੇਕਰ ਅਸੀਂ ਆਪਣੇ ਸਰੀਰਾਂ ਨੂੰ ਇੱਕ ਇਹੋ ਜਿਹੀ ਵਰਤੋਂ ਲਈ ਵੱਖਰਾ ਕਰਕੇ ਰੱਖਣਾ ਚਾਹੁੰਦੇ ਹਾਂ ਜੋ ਪਰਮੇਸ਼ੁਰ ਨੂੰ ਆਦਰ ਦੇਵੇਗਾ, ਤਾਂ ਸਾਨੂੰ ਉਸ ਦਾ ਪਾਲਣ ਕਰਨਾ ਚਾਹੀਦਾ ਹੈ ਜੋ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਕਰੀਏ। ਕੁਝ ਲੋਕ ਆਪਣੀ ਯੋਨ ਕਿਰਿਆ ਨੂੰ ਸਿਰਫ ਜੋ ਉਹ ਚਾਹੁੰਦੇ ਹਨ ਉਸ ਦੁਆਰਾ, ਜੋ ਦੂਜੇ ਕਰ ਰਹੇ ਹਨ ਉਸ ਦੁਆਰਾ ਜਾਂ ਸਮਾਜ ਦੇ

ਰਵੱਈਆਂ ਦੁਆਰਾ ਨਿਰਦੇਸ਼ਤ ਹੋਣ ਦਿੰਦੇ ਹਨ। ਜੇਕਰ ਅਸੀਂ ਬਸ ਉਹੋ ਕਰਦੇ ਹਾਂ ਜੋ ਸਾਨੂੰ ਕਰਨਾ ਚੰਗਾ ਲੱਗਦਾ ਹੈ ਜਾਂ ਦੂਜਿਆਂ ਦੇ ਨਮੂਨਿਆਂ ਦਾ ਪਾਲਣ ਕਰਦੇ ਹਾਂ ਤਾਂ ਅਸੀਂ ਆਖ਼ਰਕਾਰ ਪਰਮੇਸ਼ੁਰ ਦੇ ਤਰੀਕੇ ਦੇ ਵਿਰੁੱਧ ਜਾਵਾਂਗੇ। ਸਾਨੂੰ ਉਸੇ ਦਾ ਪਾਲਣ ਕਰਨਾ ਚਾਹੀਦਾ ਹੈ ਜੋ ਪਰਮੇਸ਼ੁਰ ਚਾਹੁੰਦਾ ਹੈ, ਭਾਵੇਂ ਇਸ ਦਾ ਮਤਲਬ ਇਹ ਹੋਵੇ ਕਿ ਅਸੀਂ ਆਪਣੀਆਂ ਇੱਛਾਵਾਂ ਨੂੰ ਵੱਸ ਵਿੱਚ ਕਰਨਾ ਜਾਂ ਬਦਲਣਾ ਹੈ ਅਤੇ ਭਾਵੇਂ ਇਹ ਉਸ ਦੇ ਵਿਰੁੱਧ ਹੋਵੇ ਜਿਸ ਦਾ ਦੂਜੇ ਲੋਕ ਪਾਲਣ ਕਰਦੇ ਜਾਂ ਸਵੀਕਾਰ ਕਰਦੇ ਹਨ।

*ਕਾਮ ਵਾਸ਼ਨਾ ਤੋਂ ਬਚੋ* (4:5)। ਕਿਹੜੀ ਚੀਜ਼ ਹੈ ਜੋ ਲੋਕਾਂ ਦੇ ਲਈ ਕੁਧਰਮੀ ਯੋਨ ਕਿਰਿਆ ਵਿੱਚ ਸ਼ਾਮਲ ਹੋਣ ਦਾ ਸਬੱਬ ਬਣਦੀ ਹੈ? ਇਹ ਇੱਛਾ ਹੈ ਜਿਸ ਨੂੰ ਬਾਈਬਲ “ਕਾਮ ਵਾਸ਼ਨਾ” ਕਹਿੰਦੀ ਹੈ। ਇਹ ਮਜ਼ਬੂਤ ਯੋਨ ਉਤੇਜਨਾਵਾਂ ਦੀ ਗੱਲ ਕਰਦੀ ਹੈ। ਜੇਕਰ ਇਹ ਵਿਅਕਤੀ ਦੇ ਕੰਮਾਂ ਦੀਆਂ ਪ੍ਰੇਰਕ ਬਲ ਬਣ ਜਾਂਦੀਆਂ ਹਨ, ਤਾਂ ਅਸੀਂ ਇਨ੍ਹਾਂ ਇੱਛਾਵਾਂ ਦਾ ਪਾਲਣ ਕਰਾਂਗੇ ਨਾ ਕਿ ਪਰਮੇਸ਼ੁਰ ਦੀ ਇੱਛਾ ਦਾ (4:5)। ਪਰਾਈਆਂ ਕੌਮਾਂ ਨੇ ਆਪਣੀ ਕਾਮ ਵਾਸ਼ਨਾ ਨੂੰ ਪੂਰਾ ਕਰਨ ਦੇ ਲਈ ਆਪਣੇ ਆਪ ਨੂੰ ਯੋਨ ਕਿਰਿਆ ਵਿੱਚ ਸ਼ਾਮਲ ਕਰ ਲਿਆ। ਉਨ੍ਹਾਂ ਨੇ ਸਗੋਂ ਇਨ੍ਹਾਂ ਕੰਮਾਂ ਨੂੰ ਆਪਣੀ ਪੂਜਾ ਦਾ ਹਿੱਸਾ ਬਣਾ ਲਿਆ ਅਤੇ ਉਨ੍ਹਾਂ ਕੋਲ ਵੇਸ਼ਵਾਵਾਂ ਦੇ ਮੰਦਿਰ ਸਨ। ਇਨ੍ਹਾਂ ਮੂਰਤੀਪੂਜਕਾਂ ਨੇ ਆਪਣੇ ਦੇਵਤਿਆਂ ਨੂੰ ਆਪਣੇ ਵਰਗਾ ਸੋਚਿਆ; ਉਨ੍ਹਾਂ ਨੇ ਉਨ੍ਹਾਂ ਨੂੰ ਆਦਮੀਆਂ ਦੇ ਇੱਕ ਸਮੂਹ ਦੇ ਤੌਰ ਤੇ ਵੇਖਿਆ ਜਿਹੜਾ ਲੜਿਆ, ਪਿਆਰ ਵਿੱਚ ਡਿੱਗ ਪਿਆ ਅਤੇ ਮਨੁੱਖੀ ਤਰੀਕੇ ਨਾਲ ਇੱਕ ਦੂਜੇ ਨੂੰ ਧੋਖਾ ਦਿੱਤਾ। ਉਨ੍ਹਾਂ ਨੇ ਸੋਚਿਆ ਕਿ ਦੇਵਤਿਆਂ ਦੇ ਕੰਮਾਂ ਦੀ ਨਕਲ ਕਰਨ ਦੇ ਦੁਆਰਾ, ਉਹ ਉਨ੍ਹਾਂ ਨੂੰ ਪਰਸੰਨ ਕਰ ਰਹੇ ਸਨ।

ਜਦੋਂ ਥੱਸਲੁਨੀਕੇ ਦੇ ਇਹ ਲੋਕ “ਮੂਰਤੀਆਂ ਨੂੰ ਛੱਡ ਕੇ ਸੱਚੇ ਅਤੇ ਜੀਉਂਦੇ ਪਰਮੇਸ਼ੁਰ ਦੀ ਸੇਵਾ ਕਰਨ ਵੱਲ ਮੁੜੇ” (1:9), ਉਨ੍ਹਾਂ ਨੂੰ ਪਰਮੇਸ਼ੁਰ ਜੋ ਚਾਹੁੰਦਾ ਸੀ ਉਹ ਸਿੱਖਣਾ ਪਿਆ ਅਤੇ ਇਸ ਦੇ ਫਲਸਰੂਪ ਆਪਣੀਆਂ ਯੋਨ ਇੱਛਾਵਾਂ ਨੂੰ ਵੀ ਵੱਸ ਵਿੱਚ ਕਰਨਾ ਸਿੱਖਣਾ ਪਿਆ। ਜੇਕਰ ਅਸੀਂ ਪਰਮੇਸ਼ੁਰ ਦੀ ਬੰਦਗੀ ਕਰਨ ਵਾਲੇ ਬਣਨਾ ਚਾਹੁੰਦੇ ਹਾਂ, ਸਾਨੂੰ ਆਪਣੇ ਜੀਵਨਾਂ ਲਈ ਪਰਮੇਸ਼ੁਰ ਦੀ ਇੱਛਾ ਦਾ ਪਾਲਣ ਕਰਨਾ ਪਵੇਗਾ।

ਯੋਨ ਇੱਛਾਵਾਂ ਨੂੰ ਕਿਵੇਂ ਵੱਸ ਵਿੱਚ ਕੀਤਾ ਜਾ ਸਕਦਾ ਹੈ? ਪੌਲੁਸ ਨੇ ਨੌਜਵਾਨ ਪ੍ਰਚਾਰਕ ਤਿਮੋਥਿਉਸ ਨੂੰ ਦੱਸਿਆ ਕਿ ਇੱਕ ਵਿਅਕਤੀ “ਆਦਰ ਦੇ ਕੰਮ ਲਈ ਪਵਿੱਤਰ ਕੀਤਾ ਹੋਇਆ ਮਾਲਕ ਦੇ ਵਰਤਣ ਜੋਗ ਅਤੇ ਹਰੇਕ ਚੰਗੇ ਕੰਮ ਲਈ ਤਿਆਰ ਕੀਤਾ ਹੋਇਆ ਭਾਂਡਾ” ਬਣ ਸਕਦਾ ਹੈ (2 ਤਿਮੋਥਿਉਸ 2:21)। ਪੌਲੁਸ ਨੇ ਤਿਮੋਥਿਉਸ ਨੂੰ ਬੇਨਤੀ ਕੀਤੀ ਕਿ “ਜੁਆਨੀ ਦੀਆਂ ਕਾਮਨਾਂ ਤੋਂ ਭੱਜ ਅਤੇ ਜਿਹੜੇ ਸਾਫ਼ ਦਿਲ ਤੋਂ ਪ੍ਰਭੂ ਦਾ ਨਾਮ ਲੈਂਦੇ ਹਨ ਉਨ੍ਹਾਂ ਨਾਲ ਧਰਮ, ਨਿਹਚਾ, ਪ੍ਰੇਮ ਅਤੇ ਮਿਲਾਪ ਦੇ ਮਗਰ ਲੱਗਾ ਰਹੁ” (2 ਤਿਮੋਥਿਉਸ 2:22)।

ਇਨ੍ਹਾਂ ਆਇਤਾਂ ਵਿੱਚ ਕੁਧਰਮੀ ਯੋਨ ਫੰਧਿਆਂ ਤੋਂ ਬਚਣ ਦੇ ਲਈ ਕੁਝ ਵਡਮੁੱਲੇ ਵਿਚਾਰ ਹਨ। (1) ਸਾਡੇ ਲਈ ਇਹ ਪਛਾਣਨਾ ਜ਼ਰੂਰੀ ਹੈ ਕਿ ਅਸੀਂ ਪਰਮੇਸ਼ੁਰ ਦੀ ਸੇਵਾ ਵਿੱਚ ਆਦਰਯੋਗ, ਪਵਿੱਤਰ ਅਤੇ ਵਰਤਣ ਜੋਗ ਬਣ ਸਕਦੇ ਹਾਂ ਅਤੇ ਉਸ ਤਰ੍ਹਾਂ ਦਾ ਜੀਵਨ ਜੀਉਣ ਦਾ ਫ਼ੈਸਲਾ ਲੈ ਸਕਦੇ ਹਾਂ। (2) ਅਸੀਂ ਉਨ੍ਹਾਂ ਹਾਲਾਤਾਂ ਤੋਂ “ਭੱਜਣਾ” ਹੈ ਜਿਨ੍ਹਾਂ ਵਿੱਚ ਅਸੀਂ ਜਵਾਨੀ ਦੀਆਂ ਕਾਮਨਾਂ ਦੁਆਰਾ ਵੱਸ ਵਿੱਚ ਕੀਤੇ ਜਾਣ ਲਈ ਪਰਤਾਏ ਜਾਂਦੇ ਹਾਂ। (3) ਸਾਨੂੰ ਇਹੋ ਜਿਹੇ ਕੰਮਾਂ ਦਾ ਹਿੱਸਾ ਬਣਨ ਦੀ ਲੋੜ ਹੈ ਜੋ ਧਾਰਮਿਕਤਾ, ਨਿਹਚਾ, ਪ੍ਰੇਮ

ਅਤੇ ਸ਼ਾਂਤੀ ਵਿਕਸਤ ਕਰਦੇ ਹਨ। (4) ਸਾਨੂੰ ਦੂਜਿਆਂ ਨਾਲ ਇਨ੍ਹਾਂ ਪਵਿੱਤਰ ਕੰਮਾਂ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਜਿਹੜੇ ਸੱਚੇ ਮਨੋਂ ਅਤੇ ਸ਼ੁੱਧ ਦਿਲਾਂ ਨਾਲ ਪਰਮੇਸ਼ੁਰ ਦੀ ਸੇਵਾ ਕਰਨਾ ਚਾਹੁੰਦੇ ਹਨ।

*ਦੂਜਿਆਂ ਨਾਲ ਵਾਧਾ ਨਾ ਕਰੋ* (4:6)। ਜਦੋਂ ਕੋਈ ਆਪਣੇ ਆਪ ਨੂੰ ਹਰਾਮਕਾਰੀ ਵਿੱਚ ਸ਼ਾਮਲ ਕਰਦਾ ਹੈ, ਉਹ ਪਰਮੇਸ਼ੁਰ ਦੀ ਇੱਛਾ ਦੇ ਵਿਰੁੱਧ ਜਾਂਦਾ ਹੈ-ਪਰ ਉਹ ਗਲਤੀ ਵੀ ਕਰਦਾ ਹੈ ਅਤੇ ਕਿਸੇ ਹੋਰ ਵਿਅਕਤੀ ਨਾਲ ਵਾਧਾ ਵੀ ਕਰਦਾ ਹੈ (ਆਇਤ 6)। ਉਹ ਦੂਸਰਿਆਂ ਦਾ ਨਜਾਇਜ਼ ਫਾਇਦਾ ਉਠਾਉਂਦਾ ਹੈ। ਕੁਝ ਲੋਕ ਬਹਿਸ ਕਰਦੇ ਹਨ ਕਿ ਬਾਲਗਾਂ ਵਿਚਾਲੇ ਆਪਸੀ ਰਜ਼ਾਮੰਦੀ ਨਾਲ ਕੀਤਾ ਗਿਆ ਸੰਭੋਗ-ਉਹ ਸੰਭੋਗ ਜਿਸ ਨੂੰ ਬਾਈਬਲ ਹਰਾਮਕਾਰੀ, ਜ਼ਨਾਹਕਾਰੀ, ਜਾਂ ਸਮਲਿੰਗਕਤਾ ਆਖਦੀ ਹੈ-ਸਭ ਸਹੀ ਹੈ ਕਿਉਂਕਿ, ਕਤਲ ਜਾਂ ਚੋਰੀ ਕਰਨ ਦੇ ਉਲਟ, ਉਹ ਕਿਸੇ ਵਿਅਕਤੀ ਦੀ ਇੱਛਾ ਦੇ ਵਿਰੁੱਧ ਨਹੀਂ ਜਾਂਦੇ।

ਪਰਮੇਸ਼ੁਰ ਦੇ ਵਚਨ ਦੇ ਅਨੁਸਾਰ, ਦੂਸਰੇ ਇਨ੍ਹਾਂ ਪਾਪਾਂ ਦੇ ਕਾਰਨ ਦੁੱਖ ਝੱਲਦੇ ਹਨ। ਉਹ ਸਪੱਸ਼ਟ ਤੌਰ ਤੇ ਕਿਸੇ ਦੇ ਅੰਤਹਕਰਨ ਨੂੰ ਨੁਕਸਾਨ ਪਹੁੰਚਾ ਸਕਦੇ ਹਨ, ਆਪਣੇ ਪਰਿਵਾਰ ਨਾਲ ਆਪਣੇ ਰਿਸ਼ਤੇ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਅਤੇ ਪਰਮੇਸ਼ੁਰ ਨਾਲ ਆਪਣੇ ਰਿਸ਼ਤੇ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਇਹ ਬੁਰੇ ਪ੍ਰਭਾਵ ਬਹੁਤ ਹੀ ਗੰਭੀਰ ਹੋ ਸਕਦੇ ਹਨ ਅਤੇ ਕਈ ਸਾਲਾਂ ਤੱਕ-ਸ਼ਾਇਦ ਜੀਵਨਭਰ-ਬਣੇ ਰਹਿ ਸਕਦੇ ਹਨ।

ਕੁਝ ਲੋਕ ਸੋਚਦੇ ਹਨ ਕਿ ਵਿਆਹ ਤੋਂ ਪਹਿਲਾਂ ਕੁਝ ਸਮੇਂ ਲਈ ਇੱਕ ਦੂਜੇ ਨੂੰ ਅਜਮਾਉਣ ਲਈ ਯੋਨ ਸਾਥੀਆਂ ਦੇ ਤੌਰ ਤੇ ਇਕੱਠੇ ਰਹਿਣਾ ਜੋੜੇ ਨੂੰ ਇਹ ਜਾਣਨ ਵਿੱਚ ਮਦਦ ਕਰਦਾ ਹੈ ਕਿ ਉਹ ਇੱਕ ਦੂਜੇ ਲਈ ਯੋਗ ਹਨ ਜਾਂ ਨਹੀਂ। ਇਹ ਅਸਲ ਵਿੱਚ ਬਿਨਾਂ ਵਚਨਬੱਧਤਾ ਦੇ ਯੋਨ ਸੰਬੰਧ ਵਿੱਚ ਸ਼ਾਮਲ ਹੋਣ ਨੂੰ ਨਜ਼ਰਅੰਦਾਜ਼ ਕਰਨਾ ਹੈ-ਪਰਮੇਸ਼ੁਰ ਵਾਸਤੇ ਜਾਂ ਆਪਣੇ ਸਾਥੀ ਵਾਸਤੇ-ਤੇ ਇਸ ਲਈ ਇਹ ਰਿਸ਼ਤੇ ਨੂੰ ਅਸਥਿਰ ਬਣਾਉਂਦਾ ਹੈ। ਇਹ ਇੱਕ ਸਥਿਰ, ਵਚਨਬੱਧ, ਪਰਮੇਸ਼ੁਰ ਦੁਆਰਾ ਮੰਨਜ਼ੂਰ ਰਿਸ਼ਤੇ ਲਈ ਇੱਕ ਤਿੱਖੀ ਤੁਲਨਾ ਹੋਵੇਗੀ। ਪਾਪ ਹਮੇਸ਼ਾ ਦੂਸਰਿਆਂ ਨੂੰ ਠੇਸ ਪਹੁੰਚਾਉਂਦਾ ਹੈ। ਆਇਤ 6 ਸਿਖਾਉਂਦੀ ਹੈ ਕਿ ਪਰਮੇਸ਼ੁਰ ਸਾਨੂੰ ਜਵਾਬਦੇਹ ਠਹਿਰਾਵੇਗਾ ਜੇਕਰ ਅਸੀਂ ਇਸ ਤਰੀਕੇ ਨਾਲ ਦੂਸਰਿਆਂ ਦੇ ਜੀਵਨਾਂ ਨੂੰ ਨੁਕਸਾਨ ਪਹੁੰਚਾਉਂਦੇ ਹਾਂ।

ਕੁਝ ਲੋਕਾਂ ਦਾ ਕਹਿਣਾ ਹੈ ਕਿ ਵਿਆਹ ਪਤੀ ਅਤੇ ਪਤਨੀ ਦੇ ਜੀਵਨਾਂ ਵਿੱਚ ਮੁਸ਼ਕਲਾਂ ਨੂੰ ਲੈ ਕੇ ਆਉਂਦਾ ਹੈ, ਇਸ ਲਈ ਬਿਹਤਰ ਇਹੀ ਹੈ ਕਿ ਵਿਆਹ ਲਈ ਵਚਨਬੱਧ ਨਾ ਹੋਇਆ ਜਾਵੇ। ਥੱਸਲੁਨੀਕੇ ਦੇ ਲੋਕ ਵੀ ਇਹੀ ਤਰਕ ਇਸਤੇਮਾਲ ਕਰ ਸਕਦੇ ਸਨ ਜਦੋਂ ਉਨ੍ਹਾਂ ਨੇ ਮਸੀਹੀ ਬਣਨ ਤੇ ਵਿਚਾਰ ਕੀਤਾ, ਇਹ ਜਾਣਦੇ ਹੋਏ ਕਿ ਉਨ੍ਹਾਂ ਦਾ ਬਦਲਣਾ ਉਨ੍ਹਾਂ ਦੇ ਲਈ ਵਿਰੋਧਤਾ ਲਿਆ ਸਕਦਾ ਸੀ, ਜਿਵੇਂ ਕਿ ਖੁਸ਼ਖ਼ਬਰੀ ਪ੍ਰਚਾਰ ਦਾ ਵਿਰੋਧ ਹੋਇਆ ਸੀ (1:6; 2:14–16)।

ਤਾਂ ਫਿਰ ਸਵਾਲ ਇਹ ਨਹੀਂ ਹੈ ਕਿ "ਕੀ ਇਹ ਕੰਮ ਕੁਝ ਮੁਸ਼ਕਲਾਂ ਅਤੇ ਸਮੱਸਿਆਵਾਂ ਨੂੰ ਲੈ ਕੇ ਆਵੇਗਾ?" ਪਰ "ਕੀ ਪਰਮੇਸ਼ੁਰ ਇਹ ਕੰਮ ਚਾਹੁੰਦਾ ਹੈ?" ਜੇਕਰ ਪਰਮੇਸ਼ੁਰ ਇਹੀ ਚਾਹੁੰਦਾ ਹੈ, ਤਾਂ ਸਾਨੂੰ ਇਹੋ ਕਰਨ ਦੀ ਲੋੜ ਹੈ-ਨਤੀਜਾ ਭਾਵੇਂ ਕੁਝ ਵੀ ਨਿੱਕਲੇ-ਇਹ ਜਾਣਦੇ ਹੋਏ ਕਿ ਪਰਮੇਸ਼ੁਰ ਸਾਨੂੰ ਇਸ ਤੇ ਜਿੱਤ ਪਾਉਣ ਜਾਂ ਨਤੀਜਿਆਂ ਨੂੰ ਸਹਿਣ ਵਿੱਚ ਸਾਡੀ ਮਦਦ ਕਰੇਗਾ। ਅਸੀਂ ਜਾਣਦੇ ਹਾਂ ਕਿ "ਜਿਹੜੇ ਪਰਮੇਸ਼ੁਰ ਨਾਲ ਪ੍ਰੇਮ ਰੱਖਦੇ ਹਨ ਸਾਰੀਆਂ ਵਸਤਾਂ ਰਲ ਕੇ ਓਹਨਾਂ ਦਾ ਭਲਾ ਕਰਦੀਆਂ ਹਨ . . ." (ਰੋਮੀਆਂ 8:28)।

*ਪਰਮੇਸ਼ੁਰ ਦੀ ਵੱਲ ਹੋਣ ਦਾ ਫ਼ੈਸਲਾ ਲਓ* (4:7, 8)। ਪਰਮੇਸ਼ੁਰ ਨੇ ਸਾਨੂੰ ਕਿਸੇ ਕਾਰਣ ਲਈ ਸੱਦਿਆ ਹੈ। ਪਰਮੇਸ਼ੁਰ ਸਾਨੂੰ ਕਿਵੇਂ ਸੱਦਦਾ ਹੈ? ਯਿਸੂ ਬਾਰੇ ਖੁਸ਼ਖ਼ਬਰੀ, ਇੰਜੀਲ ਦੇ ਰਾਹੀਂ। ਪੌਲੁਸ ਨੇ ਲਿਖਿਆ, ". . . ਉਸ ਨੇ ਤੁਹਾਨੂੰ ਸਾਡੀ ਖੁਸ਼ ਖਬਰੀ ਦੇ ਰਾਹੀਂ ਸੱਦਿਆ ਭਈ ਤੁਹਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੀ ਮਹਿਮਾ ਪਰਾਪਤ ਹੋਵੇ" (2 ਥੱਸਲੁਨੀਕੀਆਂ 2:14)। ਜਦੋਂ ਖੁਸ਼ਖ਼ਬਰੀ ਦਾ ਪ੍ਰਚਾਰ ਕੀਤਾ ਜਾਂਦਾ ਹੈ, ਪਰਮੇਸ਼ੁਰ ਲੋਕਾਂ ਨੂੰ ਆਪਣੀ ਵੱਲ ਬੁਲਾ ਰਿਹਾ ਹੁੰਦਾ ਹੈ ਕਿਉਂਕਿ ਉਹ ਮਸੀਹ ਵਿੱਚ ਉਨ੍ਹਾਂ ਨਾਲ ਆਪਣੀ ਮਹਿਮਾ ਨੂੰ ਸਾਂਝਾ ਕਰਨਾ ਚਾਹੁੰਦਾ ਹੈ। ਕਿਉਂਕਿ ਪਰਮੇਸ਼ੁਰ ਲੋਕਾਂ ਨੂੰ ਖੁਸ਼ਖ਼ਬਰੀ ਦੇ ਰਾਹੀਂ ਸੱਦਦਾ ਹੈ, ਅਸੀਂ ਜਾਣ ਸਕਦੇ ਹਾਂ ਕਿ ਉਹ ਉਨ੍ਹਾਂ ਨੂੰ ਨਬੂਵਤਾਂ, ਦਰਸ਼ਣਾਂ ਜਾਂ ਨਿਸ਼ਾਨਾਂ ਦੇ ਰਾਹੀਂ ਨਹੀਂ ਸੱਦਦਾ ਹੈ। ਖੁਸ਼ਖ਼ਬਰੀ ਦਾ ਬਦਲ ਕੋਈ ਨਹੀਂ ਹੈ।

ਪਰਮੇਸ਼ੁਰ ਨੇ ਸਾਨੂੰ ਸਾਡੇ ਫਾਇਦੇ ਲਈ ਸੱਦਿਆ ਹੈ। ਹੋ ਸਕਦਾ ਹੈ ਕਿ ਅਸੀਂ ਇਹ ਸੋਚਦੇ ਹੋਈਏ ਕਿ ਪਰਮੇਸ਼ੁਰ ਨੇ ਸਾਰੀਆਂ ਯੋਜਨਾਵਾਂ ਨੂੰ ਉਸੇ ਤਰੀਕੇ ਨਾਲ ਬਣਾਇਆ ਹੈ ਜਿਸ ਤਰ੍ਹਾਂ ਉਹ ਉਨ੍ਹਾਂ ਨੂੰ ਪੂਰਾ ਕਰਨਾ ਚਾਹੁੰਦਾ ਹੈ ਅਤੇ ਸਾਨੂੰ ਕਿਸੇ ਨਾ ਕਿਸੇ ਤਰ੍ਹਾਂ ਉਸ ਯੋਜਨਾ ਵਿੱਚ-ਭਾਵੇਂ ਇਹ ਸਾਡੇ ਲਈ ਚੰਗੀ ਹੋਵੇ ਜਾਂ ਨਾ ਹੋਵੇ-ਫਿੱਟ ਬੈਠਣ ਦੀ ਲੋੜ ਹੈ। ਮੂਰਤੀਪੂਜਕ ਲੋਕ ਆਪਣੇ ਦੇਵੀ-ਦੇਵਤਿਆਂ ਨੂੰ ਸ਼ਕਤੀਸ਼ਾਲੀ ਈਸ਼ਵਰਾਂ ਦੇ ਰੂਪ ਵਿੱਚ ਵੇਖਦੇ ਸਨ ਅਤੇ ਉਨ੍ਹਾਂ ਨੂੰ ਆਪਣੇ ਦੇਵੀ-ਦੇਵਤਿਆਂ ਨੂੰ ਪਰਸੰਨ ਕਰਨਾ ਪੈਂਦਾ ਸੀ ਤਾਂ ਜੋ ਇਹ ਦੇਵੀ-ਦੇਵਤੇ ਉਨ੍ਹਾਂ ਨੂੰ ਕੋਈ ਅਸੀਸ ਦੇ ਸਕਣ।

ਜਦ ਕਿ ਇਹ ਗੱਲ ਸੱਚ ਹੈ ਕਿ ਪਰਮੇਸ਼ੁਰ ਕੋਲ ਯੋਜਨਾਵਾਂ ਹਨ, ਉਸ ਨੇ ਉਹ ਯੋਜਨਾਵਾਂ ਸਾਡੇ ਫਾਇਦੇ ਲਈ ਬਣਾਈਆਂ ਹਨ ਕਿਉਂਕਿ ਉਹ ਸਾਡੇ ਲਈ ਉਹੋ ਚਾਹੁੰਦਾ ਹੈ ਜੋ ਸਭ ਤੋਂ ਵਧੀਆ ਹੈ। ਪਰਮੇਸ਼ੁਰ ਨੇ ਸਾਨੂੰ ਉਸ ਨੂੰ ਜਵਾਬ ਦੇਣ ਤੋਂ ਪਹਿਲਾਂ ਹੀ ਬਹੁਤ ਸਾਰੀਆਂ ਬਰਕਤਾਂ ਦਿੱਤੀਆਂ ਸਨ ਅਤੇ ਉਹ ਚਾਹੁੰਦਾ ਹੈ ਕਿ ਅਸੀਂ ਹਮੇਸ਼ਾ ਦੇ ਲਈ ਉਸ ਦੇ ਮਿੱਤਰ ਬਣ ਜਾਈਏ। "ਜਿਹ ਨੇ ਆਪਣੇ ਹੀ ਪੁੱਤ੍ਰ ਦਾ ਵੀ ਸਰਫ਼ਾ ਨਾ ਕੀਤਾ ਸਗੋਂ ਉਹ ਨੂੰ ਅਸਾਂ ਸਭਨਾਂ ਦੇ ਲਈ ਦੇ ਦਿੱਤਾ ਸੋ ਉਹ ਦੇ ਨਾਲ ਸਾਰੀਆਂ ਵਸਤਾਂ ਵੀ ਸਾਨੂੰ ਕਿੱਕੁਰ ਨਾ ਬਖ਼ਸ਼ੇਗਾ?" (ਰੋਮੀਆਂ 8:32)। ਅਸੀਂ ਦਿਆਲੂ ਪਰਮੇਸ਼ੁਰ ਦੀ ਸੇਵਾ ਕਰਦੇ ਹਾਂ !ਅਸੀਂ ਨਿਸ਼ਚਤ ਹੋ ਸਕਦੇ ਹਾਂ ਕਿ ਸਾਡੇ ਕੋਲੋਂ ਉਹ ਜਿਸ ਚੀਜ਼ ਦੀ ਮੰਗ ਕਰਦਾ ਹੈ ਉਹ ਸਾਡੇ ਫਾਇਦੇ ਲਈ ਹੈ; ਸਾਡੇ ਲਈ ਉਹ ਉਹੀ ਚਾਹੁੰਦਾ ਹੈ ਜੋ ਸਭ ਤੋਂ ਵਧੀਆ ਹੈ।

ਪਵਿੱਤਰਤਾਈ ਸਾਡੇ ਲਈ ਪਰਮੇਸ਼ੁਰ ਦਾ ਉਦੇਸ਼ ਹੈ (4:7, 8)। ਉਹ ਸਾਨੂੰ ਪਵਿੱਤਰ ਕਰਨਾ ਚਾਹੁੰਦਾ ਹੈ, ਜਿਸ ਦਾ ਅਰਥ ਇਹ ਹੈ ਕਿ ਉਹ ਸਾਨੂੰ ਇੱਕ ਖਾਸ ਉਦੇਸ਼ ਦੇ ਲਈ ਜਾਂ ਪਵਿੱਤਰ ਹੋਣ ਦੇ ਲਈ ਵੱਖਰਾ ਕਰਨਾ ਚਾਹੁੰਦਾ ਹੈ। ਸਿਨੇਮਾ ਵਿੱਚ ਖਾਸ ਸੀਟਾਂ ਖਾਸ ਲੋਕਾਂ ਦੇ ਲਈ "ਰਾਖਵੀਆਂ" ਹੁੰਦੀਆਂ ਹਨ। ਮਸੀਹੀ ਲੋਕ ਖਾਸ ਲੋਕ ਹਨ ਜੋ ਕਿ ਸਭ ਤੋਂ ਖਾਸ ਵਿਅਕਤੀ ਅਰਥਾਤ ਪਰਮੇਸ਼ੁਰ ਲਈ "ਰਾਖਵੇਂ" ਹਨ!

ਜਦੋਂ ਪਰਮੇਸ਼ੁਰ ਸਾਨੂੰ ਮਸੀਹ ਵਿੱਚ ਪਵਿੱਤਰ ਕਰਦਾ ਹੈ, ਅਸੀਂ ਪਰਮੇਸ਼ੁਰ ਦੀ ਪਵਿੱਤਰਤਾਈ ਵਿੱਚ ਸਾਂਝੀ ਹੁੰਦੇ ਹਾਂ ਅਤੇ ਉਸ ਨਾਲ ਮੇਲ ਮਿਲਾਪ ਕਰ ਸਕਦੇ ਹਾਂ। "ਸਗੋਂ ਜਿਵੇਂ ਤੁਹਾਡਾ ਸੱਦਣ ਵਾਲਾ ਪਵਿੱਤਰ ਹੈ ਤੁਸੀਂ ਆਪ ਭੀ ਤਿਵੇਂ ਹੀ ਆਪਣੀ ਸਾਰੀ ਚਾਲ ਵਿੱਚ ਪਵਿੱਤਰ ਬਣੋ ਕਿਉਂ ਜੋ ਇਹ ਲਿਖਿਆ ਹੋਇਆ ਹੈ ਭਈ 'ਤੁਸੀਂ ਪਵਿੱਤਰ ਬਣੋ ਇਸ ਲਈ ਜੋ ਮੈਂ ਪਵਿੱਤਰ ਹਾਂ'" (1 ਪਤਰਸ 1:15, 16)।

ਜਦੋਂ ਸਾਡਾ ਪਰਮੇਸ਼ੁਰ ਨਾਲ ਮੇਲ ਮਿਲਾਪ ਜੋ ਜਾਂਦਾ ਹੈ, ਤਾਂ ਅਸੀਂ ਉਸ ਰਿਸ਼ਤੇ ਦੇ

ਫਾਇਦਿਆਂ ਵਿੱਚ ਸਾਂਝੀ ਹੋ ਸਕਦੇ ਹਾਂ। ਜਦੋਂ ਅਸੀਂ ਮਸੀਹੀ ਬਣੇ, ਪਰਮੇਸ਼ੁਰ ਨੇ ਸਾਨੂੰ ਆਪਣਾ ਪਵਿੱਤਰ ਆਤਮਾ ਦਿੱਤਾ ਜੋ ਉਸ ਨੇ "ਆਪਣੇ ਮੰਨਣ ਵਾਲਿਆਂ ਨੂੰ ਬਖ਼ਸ਼ਿਆ" (ਰਸੂਲਾਂ ਦੇ ਕਰਤੱਬ 5:32)। ਇਹ ਪਵਿੱਤਰ ਆਤਮਾ "ਸਾਡੇ ਅਧਕਾਰ ਦੀ ਸਾਈ ਹੈ . . ." (ਅਫ਼ਸੀਆਂ 1:14)। ਜਿਵੇਂ ਕੁਝ ਖਰੀਦਦਾਰੀ ਕਰਦੇ ਸਮੇਂ ਅਸੀਂ ਜੋ ਸਾਈ ਦਿੰਦੇ ਹਾਂ ਇਸ ਗੱਲ ਦਾ ਪ੍ਰਤੀਕ ਹੁੰਦੀ ਹੈ ਕਿ ਅਸੀਂ ਬਾਕੀ ਦਾ ਸਾਰਾ ਭੁਗਤਾਨ ਬਾਅਦ ਵਿੱਚ ਕਰਨਾ ਚਾਹੁੰਦੇ ਹਾਂ, ਉਸੇ ਤਰ੍ਹਾਂ ਪਰਮੇਸ਼ੁਰ ਦਾ ਆਤਮਾ ਜੋ ਸਾਨੂੰ ਦਿੱਤਾ ਗਿਆ ਹੈ ਇਸ ਗੱਲ ਦਾ ਪ੍ਰਤੀਕ ਹੈ ਕਿ ਪਰਮੇਸ਼ੁਰ ਸਾਨੂੰ ਸਦੀਪਕ ਕਾਲ ਤੀਕ ਬਰਕਤ ਦੇਣਾ ਚਾਹੁੰਦਾ ਹੈ।

ਜੇਕਰ ਕੋਈ ਸਾਡੇ ਤੇ ਇਸ ਗੱਲ ਦਾ ਭਰੋਸਾ ਨਹੀਂ ਕਰਦਾ ਕਿ ਅਸੀਂ ਬਾਕੀ ਦਾ ਸਾਰਾ ਭੁਗਤਾਨ ਬਾਅਦ ਵਿੱਚ ਕਰ ਸਕਦੇ ਹਾਂ ਤਾਂ ਉਹ ਸਾਡੀ ਸਾਈ ਨੂੰ ਠੁਕਰਾ ਦੇਵੇਗਾ। ਉਸੇ ਤਰ੍ਹਾਂ, ਜਦੋਂ ਇੱਕ ਕਮਜ਼ੋਰ ਮਸੀਹੀ ਇਸ ਤਰ੍ਹਾਂ ਦਾ ਜੀਵਨ ਜੀਉਂਦਾ ਹੈ ਜਿਵੇਂ ਕਿ ਉਹ ਆਪਣੇ ਅੰਦਰ ਪਰਮੇਸ਼ੁਰ ਦੇ ਆਤਮਾ ਦੀ ਪਵਿੱਤਰਤਾਈ ਨੂੰ ਠੁਕਰਾਉਂਦਾ ਹੈ, ਉਹ ਇਸ ਗੱਲ ਵਿੱਚ ਜੱਦੋ-ਜਹਿਦ ਕਰ ਰਿਹਾ ਹੈ ਕਿ ਉਸ ਨੂੰ ਇਸ ਗੱਲ ਦਾ ਭਰੋਸਾ ਨਹੀਂ ਹੈ ਕਿ ਪਰਮੇਸ਼ੁਰ ਭਵਿੱਖ ਵਿੱਚ ਉਸ ਨੂੰ ਬਰਕਤ ਦੇਵੇਗਾ। ਜਦੋਂ ਕੋਈ ਵਿਅਕਤੀ ਆਪਣੇ ਆਪ ਨੂੰ ਹਰਾਮਕਾਰੀ ਵਿੱਚ ਸ਼ਾਮਲ ਕਰਨਾ ਚੁਣਦਾ ਹੈ, ਅਸਲ ਵਿੱਚ, ਉਹ ਪਰਮੇਸ਼ੁਰ ਨੂੰ ਇਹ ਕਹਿ ਰਿਹਾ ਹੁੰਦਾ ਹੈ, "ਮੈਨੂੰ ਤੁਹਾਡੇ ਤੇ ਭਰੋਸਾ ਨਹੀਂ ਹੈ ਕਿ ਤੁਸੀਂ ਮੈਨੂੰ ਸਦੀਪਕ ਕਾਲ ਤੀਕ ਬਰਕਤ ਦਿਓਗੇ।" ਉਸ ਦਾ ਭਾਵ ਇਹ ਹੁੰਦਾ ਹੈ ਕਿ ਪਰਮੇਸ਼ੁਰ ਦੇ ਇਰਾਦੇ ਗਲਤ ਹਨ।

ਸਾਡੇ ਲਈ ਸਬਕ ਇਹ ਹੈ ਕਿ ਅਸੀਂ ਪਰਮੇਸ਼ੁਰ ਨੂੰ ਸਾਡੇ ਨਾਲ ਆਪਣੇ ਆਤਮਾ ਨੂੰ ਸਾਂਝਾ ਕਰਨ ਵਾਸਤੇ ਆਪਣੀ ਪ੍ਰਸ਼ੰਸਾ ਵਿਖਾਉਣੀ ਹੈ ਅਤੇ ਇਹ ਵਿਖਾਉਣਾ ਹੈ ਕਿ ਸਾਨੂੰ ਬਰਕਤ ਦੇਣ ਲਈ ਅਸੀਂ ਉਸ ਦੇ ਇਰਾਦਿਆਂ ਤੇ ਭਰੋਸਾ ਕਰਦੇ ਹਾਂ। ਇਸ ਤਰ੍ਹਾਂ ਕਰਨ ਦੇ ਲਈ ਸਾਨੂੰ ਹਰਾਮਕਾਰੀ ਤੋਂ "ਭੱਜਣ" (2 ਤਿਮੋਥਿਉਸ 2:2) ਅਤੇ ਸਾਡੇ ਲਈ ਪਰਮੇਸ਼ੁਰ ਦੀ ਭੂਮਿਕਾ ਨੂੰ ਸਵੀਕਾਰ ਕਰਨ ਅਤੇ "ਪ੍ਰਭੂ ਨੂੰ ਵੇਖਣ" ਦੇ ਲਈ "ਪਵਿੱਤਰਤਾਈ ਦਾ ਪਿੱਛਾ ਕਰਨ" ਦੀ ਲੋੜ ਹੈ (ਇਬਰਾਨੀਆਂ 12:14)। ਥੱਸਲੁਨੀਕੇ ਦੇ ਲੋਕ ਯਿਸੂ ਨੂੰ ਵੇਖਣਾ ਅਤੇ ਉਸ ਦੇ ਆਉਣ ਤੇ ਉਸ ਦੇ ਨਾਲ ਮੇਲ ਕਰਨਾ ਚਾਹੁੰਦੇ ਸਨ (1:10)। ਇਸ ਇੱਛਾ ਨੇ ਉਨ੍ਹਾਂ ਨੂੰ ਆਪਣੇ ਜੀਵਨਾਂ ਦੇ ਲਈ ਪਰਮੇਸ਼ੁਰ ਦੀਆਂ ਯੋਜਨਾਵਾਂ ਅਨੁਸਾਰ ਜੀਉਣ ਵਿੱਚ ਮਦਦ ਕੀਤੀ। ਇਹ ਸਾਡੀ ਮਦਦ ਵੀ ਕਰਨਗੀਆਂ।

*ਸਿੱਟਾ।* ਪਰਮੇਸ਼ੁਰ ਵਰਗਾ ਬਣਨਾ ਇੱਕ ਬਹੁਤ ਵੱਡਾ ਕੰਮ ਹੈ ਜਿਸ ਵਿੱਚ ਅਸੀ ਸਾਰੇ ਅਸਫ਼ਲ ਹੋ ਜਾਂਦੇ ਹਾਂ। ਪਰਮੇਸ਼ੁਰ ਉਨ੍ਹਾਂ ਦੀਆਂ ਗਲਤੀਆਂ ਨੂੰ ਮਾਫ਼ ਕਰਦਾ ਹੈ ਜਿਹੜੇ ਮਸੀਹ ਵਿੱਚ ਹਨ ਜਦੋਂ ਉਹ ਤੌਬਾ ਕਰਦੇ ਅਤੇ ਮਾਫ਼ੀ ਮੰਗਦੇ ਹਨ, ਜਦ ਕਿ ਉਹ ਸਾਨੂੰ ਲਗਾਤਾਰ ਧਰਮੀ ਰਵੱਈਆਂ ਅਤੇ ਕੰਮਾਂ ਨੂੰ ਅਪਨਾਉਣ ਦੀ ਬੇਨਤੀ ਕਰਦਾ ਹੈ ਜਿਹੜੇ ਉਸ ਦੇ ਚਰਿੱਤਰ ਨੂੰ ਪ੍ਰਦਰਸ਼ਿਤ ਕਰਦੇ ਅਤੇ ਸਾਨੂੰ ਉਸ ਦੀ ਦੁਨੀਆ ਵਿੱਚ ਸਭ ਤੋਂ ਉਪਯੋਗੀ ਬਣਨ ਵਿੱਚ ਸਾਡੀ ਸਹਾਇਤਾ ਕਰਦੇ ਹਨ। ਹਰਾਮਕਾਰੀ ਇੱਕ ਬਹੁਤ ਹੀ ਮਜ਼ਬੂਤ ਪਰਤਾਵਾ ਹੈ ਜੋ ਸ਼ਤਾਨ ਅਕਸਰ ਪਰਮੇਸ਼ੁਰ ਦੇ ਪਵਿੱਤਰ ਜੀਉਣ ਤੋਂ ਸਾਡਾ ਧਿਆਨ ਭਟਕਾਉਣ ਦੇ ਲਈ ਵਰਤਦਾ ਹੈ। ਆਓ ਅਸੀਂ ਹਰਾਮਕਾਰੀ ਦੇ ਖ਼ਤਰੇ ਤੋਂ ਜਾਣੂ ਹੋਈਏ ਅਤੇ ਆਪਣੇ ਆਪ ਨੂੰ ਪਰਮੇਸ਼ੁਰ ਦੇ ਪਵਿੱਤਰ ਦਾਸਾਂ ਦੇ ਤੌਰ ਤੇ ਵੱਖਰੇ ਕਰਨ ਦੀ ਯੋਜਨਾ ਬਣਾਈਏ। ਅਸੀਂ ਪਰਮੇਸ਼ੁਰ ਦੇ ਲਈ ਖਾਸ ਲੋਕ ਬਣਨਾ ਹੈ, ਜਿਸ ਨੇ ਸਾਨੂੰ ਉਸ ਦੀ ਸੇਵਾ

ਕਰਨ ਦੇ ਲਈ ਚੁਣਿਆ ਹੈ। ਉਹ ਉਸ ਕੰਮ ਵਿੱਚ ਸਫ਼ਲ ਹੋਣ ਵਿੱਚ ਸਾਡੀ ਸਹਾਇਤਾ ਕਰੇਗਾ! TP

**ਪਵਿੱਤਰਤਾਈ ਅਤੇ ਨੈਤਿਕਤਾ (4:1-8)**

ਇਸ ਅਧਿਆਇ ਦੀਆਂ ਪਹਿਲੀਆਂ ਅੱਠ ਆਇਤਾਂ ਵਿੱਚ ਪੌਲੁਸ ਸਪੱਸ਼ਟ ਰੂਪ ਵਿੱਚ ਹਰਾਮਕਾਰੀ ਦਾ ਵਰਣਨ ਕਰਦਾ ਹੈ। ਜਦੋਂ ਅਸੀਂ ਇਨ੍ਹਾਂ ਆਇਤਾਂ ਨੂੰ ਜਾਂਚਦੇ ਹਾਂ, ਇਸ ਲਿਖਤ ਪ੍ਰਤੀ ਵਫ਼ਾਦਾਰੀ ਮੰਗ ਕਰਦੀ ਹੈ ਕਿ ਅਸੀਂ ਇੱਕ ਮਹਾਨ ਬੁਨਿਆਦੀ ਸਿਧਾਂਤ, ਇੱਕ ਮਹਾਨ ਪ੍ਰਮੁੱਖ ਧਾਰਣਾ ਤੇ ਜ਼ੋਰ ਦੇਈਏ ਜਿਨ੍ਹਾਂ ਦਾ ਸਾਰ ਇੱਕੋ ਸ਼ਬਦ ਵਿੱਚ ਕੱਢਿਆ ਜਾ ਸਕਦਾ ਹੈ ਜਿਹੜਾ 3 ਅਤੇ 7 ਆਇਤ ਵਿੱਚੋਂ ਆਉਂਦਾ ਹੈ; "ਪਵਿੱਤਰਤਾਈ।" ਉਸ ਦੀ ਬਹੁਤ ਹੀ ਸਪੱਸ਼ਟ ਨੈਤਿਕ ਸਿੱਖਿਆ ਅਤੇ ਉਪਦੇਸ਼ ਵਿੱਚ ਇਹ ਬੁਨਿਆਦੀ ਮਹਾਨ, ਵਿਸਤਰਤ, ਆਮ ਸੱਚਾਈ ਹੈ।

*ਬੁਨਿਆਦੀ ਸਿਧਾਂਤ* (4:3, 7)। ਆਇਤ 3 ਕਹਿੰਦੀ ਹੈ, "ਪਰਮੇਸ਼ੁਰ ਦੀ ਇੱਛਿਆ ਤੁਹਾਡੀ ਪਵਿੱਤਰਤਾਈ ਦੀ ਹੈ।" ਆਇਤ 7 ਕਹਿੰਦੀ ਹੈ, "ਕਿਉਂ ਜੋ ਪਰਮੇਸ਼ੁਰ ਨੇ ਸਾਨੂੰ ਪਲੀਤੀ ਲਈ ਨਹੀਂ ਸਗੋਂ ਪਵਿੱਤਰਤਾਈ ਵਿੱਚ ਸੱਦਿਆ।"

ਅਸਲ ਵਿੱਚ "ਪਵਿੱਤਰਤਾਈ" ਸ਼ਬਦ ਦਾ ਅਰਥ ਕੀ ਹੁੰਦਾ ਹੈ? ਇਹ "ਸੰਤ" ਸ਼ਬਦ ਨਾਲ ਮਿਲਦਾ-ਜੁਲਦਾ ਹੈ। ਇਹ ਸ਼ਬਦ ਮੂਲ ਸ਼ਬਦ *ਹੇਗੀਓਸ* ਵਿੱਚੋਂ ਨਿੱਕਲੇ ਹਨ, ਜਿਸ ਵਿੱਚ "ਵੱਖਰੇ ਹੋਣ" ਦਾ ਵਿਚਾਰ ਸ਼ਾਮਲ ਹੈ।

ਪੁਰਾਣੇ ਨੇਮ ਦੇ ਸਮਿਆਂ ਵਿੱਚ ਜਾਜਕ ਪਗੜੀ ਜਾਂ ਮੁਕਟ ਪਹਿਨਦੇ ਸਨ ਜਿਸ ਦੇ ਉੱਤੇ ਸੋਨੇ ਦੀ ਇੱਕ ਤਖਤੀ ਲੱਗੀ ਹੁੰਦੀ ਸੀ। ਇਸ ਤਖਤੀ ਉੱਤੇ ਇਹ ਸ਼ਬਦ ਲਿਖੇ ਹੁੰਦੇ ਸਨ "ਯਹੋਵਾਹ ਦੇ ਲਈ ਪਵਿੱਤਰ।" ਇਸ ਦਾ ਅਰਥ ਸੀ ਕਿ ਦੂਜੀਆਂ ਚੀਜ਼ਾਂ ਵਿੱਚੋਂ ਇਹ ਵਿਸ਼ੇਸ਼ ਜਾਜਕ ਲੇਵੀ ਦੇ ਗੋਤ ਵਿੱਚੋਂ ਪਰਮੇਸ਼ੁਰ ਦੇ ਉਦੇਸ਼ਾਂ ਲਈ ਵੱਖਰਾ ਜਾਂ ਪਵਿੱਤਰ ਕੀਤਾ ਗਿਆ ਹੈ।

ਜਦੋਂ ਅਸੀਂ "ਸੰਤ," "ਪਵਿੱਤਰਤਾਈ" ਅਤੇ "ਪਵਿੱਤਰ" ਸ਼ਬਦ ਸੁਣਦੇ ਹਾਂ, ਸਾਡੇ ਮਨ ਵਿੱਚ ਅਕਸਰ ਹੋਰ ਕਿਸਮ ਦੇ ਦੁਨਿਆਵੀ ਰਵੱਈਏ, ਰੰਗੀਨ ਸ਼ੀਸ਼ੇ ਦਾ ਭਾਵ, ਬਨਾਵਟੀ ਈਸ਼ਵਰ ਭਗਤੀ ਜੋ ਬਾਹਰੀ ਚੀਜ਼ਾਂ ਵਿੱਚ ਪਰਗਟ ਹੁੰਦੀ ਹੈ, ਦਾ ਵਿਚਾਰ ਆਉਂਦਾ ਹੈ। "ਪਵਿੱਤਰਤਾਈ" ਦਾ ਵਿਚਾਰ ਪਰਮੇਸ਼ੁਰ ਅਤੇ ਉਸ ਦੇ ਉਦੇਸ਼ਾਂ ਲਈ ਇੱਕ ਮੂਲ, ਬੁਨਿਆਦੀ ਸੰਪਤੀ ਹੈ। ਇਸ ਦੇ ਨਕਾਰਾਤਮਕ ਅਤੇ ਸਕਾਰਾਤਮਕ ਦੋਵੇਂ ਕਟਾਖ ਹਨ। ਅਸੀਂ ਸੇਵਾ ਲਈ ਪਾਪ ਤੋਂ ਵੱਖ ਕੀਤੇ ਗਏ ਹਾਂ।

ਕਦੋਂ ਕਿਸੇ ਨੂੰ ਵੱਖ ਕੀਤਾ ਜਾਂਦਾ ਹੈ? ਕਦੋਂ ਕਿਸੇ ਨੂੰ ਪਵਿੱਤਰ ਕੀਤਾ ਜਾਂਦਾ ਹੈ? ਕਦੋਂ ਕੋਈ ਸੰਤ ਬਣਦਾ ਹੈ? ਪਹਿਲਾ ਕੁਰਿੰਥੀਆਂ 6:9–11 ਇਸ ਸਵਾਲ ਦਾ ਜਵਾਬ ਦਿੰਦੀਆਂ ਹਨ। ਪੌਲੁਸ ਨੇ ਲਿਖਿਆ, ". . . ਧੋਖਾ ਨਾ ਖਾਓ, ਨਾ ਹਰਾਮਕਾਰ, ਨਾ ਮੂਰਤੀ ਪੂਜਕ, ਨਾ ਜ਼ਨਾਹਕਾਰ, ਨਾ ਜਨਾਨੜੇ, ਨਾ ਮੁੰਡੇਬਾਜ਼, ਨਾ ਚੋਰ, ਨਾ ਲੋਭੀ, ਨਾ ਸ਼ਰਾਬੀ, ਨਾ ਗਾਲਾਂ ਕੱਢਣ ਵਾਲੇ, ਨਾ ਲੁਟੇਰੇ ਪਰਮੇਸ਼ੁਰ ਦੇ ਰਾਜ ਦੇ ਅਧਕਾਰੀ ਹੋਣਗੇ। ਅਤੇ ਤੁਹਾਡੇ ਵਿੱਚੋਂ ਕਈਕੁ ਏਹੋ ਜੇਹੇ ਸਨ ਪਰ ਪ੍ਰਭੂ ਯਿਸੂ ਮਸੀਹ ਦੇ ਨਾਮ ਤੋਂ ਅਤੇ ਸਾਡੇ ਪਰਮੇਸ਼ੁਰ ਦੇ ਆਤਮਾ ਤੋਂ ਤੁਸੀਂ ਧੋਤੇ ਗਏ ਅਰ ਤੁਸੀਂ ਪਵਿੱਤਰ ਕੀਤੇ ਗਏ ਅਰ ਤੁਸੀਂ ਧਰਮੀ ਠਹਿਰਾਏ ਗਏ।" ਆਇਤ 11 ਵਿਖਾਉਂਦੀ ਹੈ ਕਿ ਜਦ ਕਦੀ ਅਸੀਂ ਧੋਤੇ ਜਾਂਦੇ ਹਾਂ, ਜਦ ਕਦੀ ਅਸੀਂ ਧਰਮੀ

ਠਹਿਰਾਏ ਜਾਂਦੇ ਹਾਂ, ਅਸੀਂ ਪਵਿੱਤਰ ਕੀਤੇ ਜਾਂਦੇ ਹਾਂ। ਦੂਜੇ ਸ਼ਬਦਾਂ ਵਿੱਚ, ਪਵਿੱਤਰਤਾਈ ਉਦੋਂ ਆਉਂਦੀ ਹੈ ਜਦੋਂ ਅਸੀਂ ਖੁਸ਼ਖ਼ਬਰੀ ਦਾ ਪਾਲਣ ਕਰਦੇ ਹਾਂ। 1 ਥੱਸਲੁਨੀਕੀਆਂ 4 ਵਿੱਚ ਪੌਲੁਸ ਨੇ ਕਿਹਾ, "ਕਿਉਂ ਜੋ ਪਰਮੇਸ਼ੁਰ ਨੇ ਸਾਨੂੰ ਪਲੀਤੀ ਲਈ ਨਹੀਂ ਸਗੋਂ ਪਵਿੱਤਰਤਾਈ ਵਿੱਚ ਸੱਦਿਆ" (ਆਇਤ 7)। ਪਰਮੇਸ਼ੁਰ ਨੇ ਸਾਨੂੰ ਖੁਸ਼ਖ਼ਬਰੀ ਦੇ ਰਾਹੀਂ ਸੱਦਿਆ ਹੈ (2 ਥੱਸਲੁਨੀਕੀਆਂ 2:14)।

ਪਵਿੱਤਰਤਾਈ ਮਨ ਦੇ ਬਦਲਣ ਤੇ ਆਉਂਦੀ ਹੈ; ਪਰ ਇਸ ਦੇ ਨਾਲ-ਨਾਲ, ਪਵਿੱਤਰਤਾਈ ਵਿੱਚ ਇੱਕ ਪਰਿਕ੍ਰਿਆ ਸ਼ਾਮਲ ਹੁੰਦੀ ਹੈ। ਇਬਰਾਨੀਆਂ 12:14 ਵਿੱਚ, ਸਾਨੂੰ ਬੇਨਤੀ ਕੀਤੀ ਗਈ ਹੈ ਕਿ "ਸਭਨਾਂ ਨਾਲ ਮੇਲ ਰੱਖਣ ਦਾ ਪਿੱਛਾ ਕਰੋ ਅਤੇ ਪਵਿੱਤਰਤਾਈ ਦਾ ਜਿਹ ਦੇ ਬਿਨਾ ਕੋਈ ਪ੍ਰਭੂ ਨੂੰ ਨਾ ਵੇਖੇਗਾ।" ਕਿਸੇ ਨੂੰ ਇਹ ਸਵਾਲ ਪੁੱਛਿਆ ਗਿਆ, "ਮਸੀਹੀ ਬਣਨ ਦੇ ਲਈ ਕਿੰਨਾ ਸਮਾਂ ਲੱਗਦਾ ਹੈ?" ਉਸ ਵਿਅਕਤੀ ਨੇ ਜੋ ਜਵਾਬ ਦਿੱਤਾ ਉਹ ਇਹ ਸੀ, "ਇੱਕ ਪਲ ਅਤੇ ਜੀਵਨਭਰ।" ਤੁਹਾਡੇ ਮਨ ਦੇ ਬਦਲਣ ਸਮੇਂ, ਮਸੀਹ ਵਿੱਚ ਬਾਈਬਲ ਅਧਾਰਿਤ ਬਪਤਿਸਮੇ ਸਮੇਂ, ਤੁਸੀਂ ਵੱਖ ਕੀਤੇ ਗਏ ਸੀ। ਫਿਰ ਵੀ, ਇਸ ਤੋਂ ਬਾਅਦ ਮੇਲ, ਪਵਿੱਤਰਤਾ ਅਤੇ ਪਵਿੱਤਰਤਾਈ ਦਾ ਜੀਵਨਭਰ ਪਿੱਛਾ ਕਰਨਾ ਹੈ। ਇਸ ਦੇ ਵਿੱਚ ਇੱਕ ਪਲ ਦੀ ਕਾਰਵਾਈ ਅਤੇ ਜੀਵਨਭਰ ਦੀ ਪਰੀਕ੍ਰਿਆ ਦੋਵੇਂ ਸ਼ਾਮਲ ਹੁੰਦੇ ਹਨ। ਪਵਿੱਤਰਤਾਈ ਦਾ ਉਸ ਤਰ੍ਹਾਂ ਪਿੱਛਾ ਕਰਨ ਤੋਂ ਬਿਨਾਂ, ਅਸੀਂ ਪ੍ਰਭੂ ਨੂੰ ਨਹੀਂ ਵੇਖ ਸਕਦੇ। ਜੇਕਰ ਅਸੀਂ ਖੁਸ਼ਖ਼ਬਰੀ ਦਾ ਪਾਲਣ ਕਰਦੇ ਹਾਂ ਅਤੇ ਪਵਿੱਤਰਤਾਈ ਅਤੇ ਪਵਿੱਤਰਤਾ ਦਾ ਪਾਲਣ ਨਹੀਂ ਕਰਦੇ, ਅਸੀਂ ਪ੍ਰਭੂ ਨੂੰ ਨਹੀਂ ਵੇਖ ਸਕਦੇ।

*ਮਨਾਹੀ* (4:1–5)। ਮਹਾਨ, ਵਿਸਤਰਤ, ਆਮ ਸਿਧਾਂਤ ਬਹੁਤ ਸਾਰੀਆਂ ਵਿਸ਼ੇਸ਼ ਗੱਲਾਂ ਦਾ ਵਰਣਨ ਕਰੇਗਾ। ਪੌਲੁਸ ਦੇ ਮਨ ਵਿੱਚ ਇੱਕ ਵਿਸ਼ੇਸ਼ ਬੁਰਾਈ ਸੀ ਜੋ ਪਹਿਲੀ ਸਦੀ ਦੇ ਰੋਮੀ ਸਾਮਰਾਜ ਵਿੱਚ ਪੁਰਾਤਨ ਯੂਨਾਨੀ ਸ਼ਹਿਰਾਂ ਵਿੱਚ ਅਤੇ ਸਾਡੀ ਅੱਜ ਦੀ ਦੁਨੀਆ ਵਿੱਚ ਬਹੁਤ ਹੀ ਆਮ ਹੈ। ਉਹ ਆਮ ਸਿਧਾਂਤ ਨੂੰ ਹਰਾਮਕਾਰੀ ਦੇ ਉਸ ਖਾਸ ਪਾਪ ਦੇ ਨਾਲ ਜੋੜਦਾ ਹੈ।

ਕੀ ਤੁਸੀਂ ਯਿਸੂ ਤੋਂ ਗੰਦੇ, ਅਸ਼ਲੀਲ, ਅਸ਼ੁੱਧ, ਬੇਅਦਬ, ਲੱਚਰ ਅਤੇ ਘਟੀਆ ਸ਼ਬਦ ਬੋਲਣ ਦੀ ਕਲਪਨਾ ਕਰ ਸਕਦੇ ਹੋ ਜੋ ਕਈ ਵਾਰ ਰਾਜੇ ਦੇ ਇਕਰਾਰ ਕੀਤੇ ਹੋਏ ਚੇਲਿਆਂ ਦੇ ਮੂੰਹ ਵਿੱਚੋਂ ਨਿੱਕਲਦੇ ਹਨ?

ਪਵਿੱਤਰਤਾਈ ਇੱਕ ਸਿਧਾਂਤ ਹੈ ਜੋ ਖੁੱਲ੍ਹ ਕੇ ਸਾਡੇ ਜੀਵਨਾਂ ਤੇ ਲਾਗੂ ਹੋਵੇਗਾ। ਸਾਨੂੰ ਇਸ ਨੂੰ ਵਪਾਰਕ ਨੀਤੀਆਂ ਨਾਲ ਅਤੇ ਆਪਣੇ ਜੀਵਨਾਂ ਦੇ ਹਰ ਖੇਤਰ ਨਾਲ ਜੋੜਨਾ ਚਾਹੀਦਾ ਹੈ। ਇਸ ਲਿਖਤ ਵਿੱਚ, ਪੌਲੁਸ ਨੇ ਇਸ ਨੂੰ ਇੱਕ ਹੋਰ ਖੇਤਰ ਨਾਲ ਜੋੜਿਆ, ਇਸ ਲਈ ਹੁਣ ਅਸੀਂ ਸਿਧਾਂਤ ਤੋਂ ਮਨਾਹੀ ਵੱਲ ਚੱਲਦੇ ਹਾਂ।

"ਪਰਮੇਸ਼ੁਰ ਦੀ ਇੱਛਿਆ ਤੁਹਾਡੀ ਪਵਿੱਤਰਤਾਈ ਦੀ ਹੈ" ਇਹ ਆਮ ਸਿਧਾਂਤ ਹੈ। "ਭਈ ਤੁਸੀਂ ਹਰਾਮਕਾਰੀ ਤੋਂ ਬਚੇ ਰਹੋ" ਇਹ ਵਿਸ਼ੇਸ਼ ਪ੍ਰਾਸੰਗਿਕਤਾ ਹੈ। ਉਹ ਇੱਕ ਮਨਾਹੀ, ਇੱਕ ਨਕਾਰਾਤਮਕ ਗੱਲ, ਇੱਕ ਚੀਜ਼ ਦਿੰਦਾ ਹੈ ਜਿਸ ਤੋਂ ਬਚਣਾ ਜ਼ਰੂਰੀ ਹੈ। ਉਸ ਨੇ ਕਿਹਾ, "ਭਈ ਤੁਸੀਂ ਹਰਾਮਕਾਰੀ ਤੋਂ ਬਚੇ ਰਹੋ ਅਤੇ ਤੁਹਾਡੇ ਵਿੱਚੋਂ ਹਰ ਕੋਈ ਆਪਣੇ ਲਈ ਇਸਤ੍ਰੀ ਨੂੰ ਪਵਿੱਤਰਤਾਈ ਅਤੇ ਪਤ ਨਾਲ ਪਰਾਪਤ ਕਰਨਾ ਜਾਣੇ। ਨਾ ਕਾਮ ਦੀ ਵਾਸ਼ਨਾ ਨਾਲ ਪਰਾਈਆਂ ਕੌਮਾਂ ਵਾਂਙੁ ਜਿਨ੍ਹਾਂ ਨੂੰ ਪਰਮੇਸ਼ੁਰ ਦਾ ਗਿਆਨ ਨਹੀਂ।"

ਪੌਲੁਸ ਨੇ ਕਿਹਾ, "ਹਰਾਮਕਾਰੀ ਤੋਂ ਬਚੇ ਰਹੋ।" "ਹਰਾਮਕਾਰੀ" ਸ਼ਬਦ *ਪੋਰਨੀਆ*

ਸ਼ਬਦ ਤੋਂ ਆਇਆ ਹੈ ਅਤੇ ਅੰਗ੍ਰੇਜ਼ੀ ਦੇ ਮੁੱਠੀਭਰ ਸ਼ਬਦ ਸ਼ਾਇਦ ਇਸ ਸ਼ਬਦ ਨਾਲ ਮਿਲਦੇ-ਜੁਲਦੇ ਹਨ ਜਿਵੇਂ ਕਿ "ਪੋਰਨੋਗਰਾਫਿਕ," "ਪੋਰਨੋਗਰਾਫੀ," ਆਦਿ। *ਪੋਰਨੀਆ* ਯੂਨਾਨੀ ਸ਼ਬਦ ਹੈ ਜੋ ਹਰ ਤਰ੍ਹਾਂ ਦੀ ਹਰਾਮਕਾਰੀ ਲਈ ਵਰਤਿਆ ਜਾਂਦਾ ਹੈ।

ਅਸੀਂ ਸੋਨੇ ਦੀ ਤਖਤੀ ਵਾਲੀ ਪਗੜੀ ਨਹੀਂ ਪਨਿਹਦੇ ਜਿਸ ਤੇ ਲਿਖਿਆ ਹੁੰਦਾ ਹੈ, "ਯਹੋਵਾਹ ਦੇ ਲਈ ਪਵਿੱਤਰ," ਪਰ ਫਿਰ ਵੀ ਅਸੀਂ ਜਾਜਕਾਂ ਦੀ ਸ਼ਾਹੀ ਮੰਡਲੀ ਦਾ ਇੱਕ ਹਿੱਸਾ ਹਾਂ। ਅਸੀਂ ਇੱਕ ਪਵਿੱਤਰ ਕੌਮ, ਪਰਮੇਸ਼ੁਰ ਦੀ ਖਾਸ ਪਰਜਾ, ਪਰਮੇਸ਼ੁਰ ਦੇ ਨਿੱਜ ਲੋਕ ਹਾਂ (1 ਪਤਰਸ 2:9)।

ਕੋਈ ਕਿਵੇਂ ਆਪਣੇ ਸਰੀਰ ਨੂੰ "ਪਰਾਪਤ" ਕਰਦਾ ਹੈ? ਕੀ ਇਸ ਸ਼ਬਦ ਦਾ ਅਰਥ ਹਾਸਲ ਕਰਨਾ ਹੈ? ਸਾਡੇ ਸਰੀਰ ਤਾਂ ਪਹਿਲਾਂ ਹੀ ਸਾਡੇ ਕੋਲ ਹਨ। ਮੈਂ ਇਹ ਤਾਂ ਵੇਖ ਸਕਿਆਂ ਹਾਂ ਕਿ ਇੱਕ ਪਤਨੀ ਨੂੰ ਲੈਣ ਜਾਂ ਹਾਸਲ ਕਰਨ ਦਾ ਕੀ ਅਰਥ ਹੋ ਸਕਦਾ ਹੈ, ਪਰ ਇਸ ਨੂੰ ਆਪਣੇ ਸਰੀਰ ਤੇ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ? ਜਦੋਂ ਪੌਲੁਸ ਨੇ ਲਿਖਿਆ, "ਤੁਹਾਡੇ ਵਿੱਚੋਂ ਹਰ ਕੋਈ ਆਪਣੇ ਲਈ ਇਸਤ੍ਰੀ ਨੂੰ ਪਰਾਪਤ ਕਰਨਾ ਜਾਣੇ," ਪੰਜਾਬੀ ਭਾਸ਼ਾ ਵਿੱਚ ਇਸ ਸ਼ਬਦਾਵਲੀ ਦਾ ਅਰਥ ਹੈ "ਕਿਸੇ ਤੇ ਮੁਹਾਰਤ ਹਾਸਲ ਕਰਨਾ" ਜਾਂ ਕਬਜ਼ਾ ਕਰਨਾ, ਪਹਿਲੀ ਗੱਲ ਇਸ ਨੂੰ ਪਰਾਪਤ ਕਰਨ ਦੇ ਭਾਵ ਵਿੱਚ ਨਹੀਂ (ਕਿਉਂਕਿ ਇਹ ਪਹਿਲਾਂ ਹੀ ਤੁਹਾਡੇ ਕੋਲ ਹੈ), ਪਰ "ਇਸ ਤੇ ਮੁਹਾਰਤ ਹਾਸਲ ਕਰਨਾ।" ਬਾਕੀ ਦਾ ਬੰਦ ਉਸ ਦੀ ਦਲੀਲ ਦਿੰਦਾ ਹੈ ਜਿਸ ਦਾ ਪਹਿਲਾਂ ਹੀ ਸੁਝਾਅ ਦਿੱਤਾ ਜਾ ਚੁੱਕਾ ਹੈ।

*ਸ਼ਕਤੀ* (4:6–8)। ਪਰਾਈਆਂ ਕੌਮਾਂ ਉਸੇ ਤਰ੍ਹਾਂ ਦੀਆਂ ਰਹੀਆਂ ਜਿਵੇਂ ਉਹ ਪਹਿਲਾਂ ਸਨ ਕਿਉਂਕਿ ਉਨ੍ਹਾਂ ਨੂੰ ਪਰਮੇਸ਼ੁਰ ਦਾ ਗਿਆਨ ਨਹੀਂ ਸੀ। ਸਗੋਂ ਮੂਰਤੀਪੂਜਕ ਧਰਮ ਤਾਂ ਆਪਣੀਆਂ ਧਾਰਮਿਕ ਰਸਮਾਂ ਦੇ ਇੱਕ ਹਿੱਸੇ ਵਜੋਂ ਹਰਾਮਕਾਰੀ ਕਰਦੇ ਸਨ, ਖਾਸ ਕਰਕੇ ਜਣਨ ਸ਼ਕਤੀ ਵਾਲੇ ਧਰਮ।

ਪੌਲੁਸ ਨੇ ਕਿਹਾ, "ਪ੍ਰਭੂ ਇਨ੍ਹਾਂ ਸਭਨਾਂ ਗੱਲਾਂ ਦਾ ਬਦਲਾ ਲੈਣ ਵਾਲਾ ਹੈ" (ਆਇਤ 6)। ਇਹ ਇੱਕ ਅਜਿਹਾ ਉਦੇਸ਼ ਹੈ ਜਿਸ ਦੇ ਬਾਰੇ ਹੁਣ ਸਾਨੂੰ ਬਹੁਤ ਜ਼ਿਆਦਾ ਸੁਣਨ ਨੂੰ ਨਹੀਂ ਮਿਲਦਾ। ਅਸੀਂ ਨਰਕ, ਅੱਗ ਅਤੇ ਗੰਧਕ ਨੂੰ ਅਸੰਭਵ ਬਣਾ ਦਿੱਤਾ ਹੈ। ਹਾਲਾਂਕਿ ਇਹ ਸੱਚ ਹੈ ਕਿ ਪੌਲੁਸ ਨੇ *ਗੀਹੇਨਾ* ਸ਼ਬਦ ਨਹੀਂ ਵਰਤਿਆ, ਜਿਵੇਂ ਕਿ ਇੰਜੀਲਾਂ ਦੇ ਵਿਰਤਾਂਤ ਵਿੱਚ ਯਿਸੂ ਦੇ ਉਪਦੇਸ਼ਾਂ ਵਿੱਚ ਮਿਲਦਾ ਹੈ। ਫਿਰ ਵੀ, ਉਸ ਦੇ ਕੋਲ ਪਰਮੇਸ਼ੁਰ ਦੇ ਕਰੋਧ ਬਾਰੇ ਕਹਿਣ ਨੂੰ ਬਹੁਤ ਕੁਝ ਸੀ। ਉਸ ਦੇ ਕੋਲ ਇਸ ਤੱਥ ਬਾਰੇ ਕਹਿਣ ਨੂੰ ਬਹੁਤ ਕੁਝ ਸੀ ਕਿ ਕਠੋਰ ਪਸ਼ਚਾਤਾਪ ਰੱਬੀ ਕਰੋਧ ਵਿੱਚ ਇੱਕ ਨਿਵੇਸ਼ ਹੈ।

ਇਸ ਲਿਖਤ ਵਿੱਚ ਇੱਕ ਹੋਰ ਵੱਡੀ ਪ੍ਰੇਰਣਾ ਆਉਂਦੀ ਹੈ ਜਿਸ ਦਾ ਜ਼ਿਕਰ ਅਸੀਂ ਪਹਿਲਾਂ ਹੀ 7 ਆਇਤ ਵਿੱਚ ਕਰ ਚੁੱਕੇ ਹਾਂ: "ਕਿਉਂ ਜੋ ਪਰਮੇਸ਼ੁਰ ਨੇ ਸਾਨੂੰ ਪਲੀਤੀ ਲਈ ਨਹੀਂ ਸਗੋਂ ਪਵਿੱਤਰਤਾਈ ਵਿੱਚ ਸੱਦਿਆ।" ਆਪਣੀ ਮਨ ਦੇ ਬਦਲਣ ਬਾਰੇ ਸੋਚੋ। ਪਾਪ ਨਾਲ ਉਸ ਮੌਤ ਬਾਰੇ ਸੋਚੋ। ਉਸ ਸਮੇਂ ਬਾਰੇ ਸੋਚੋ ਜਦੋਂ ਤੁਹਾਨੂੰ ਧੋਤਾ ਅਤੇ ਪਵਿੱਤਰ ਕੀਤਾ ਗਿਆ ਸੀ। ਕੀ ਤੁਹਾਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਉਸ ਸਮੇਂ ਤੁਸੀਂ ਪਵਿੱਤਰ ਕੀਤੇ ਗਏ ਸੀ? ਉਸ ਨੇ ਤੁਹਾਨੂੰ ਪਲੀਤੀ ਲਈ ਨਹੀਂ ਸੱਦਿਆ। ਉਸ ਨੇ ਖਾਸ ਲੋਕਾਂ ਨੂੰ ਸੱਦਿਆ ਹੈ, ਜਿਹੜੇ ਸ਼ੁਭ ਕਰਮ ਕਰਨ ਦੀ ਅਣਖ ਰੱਖਦੇ ਹਨ, ਸ਼ੁੱਧ, ਪਵਿੱਤਰ ਅਤੇ ਜਾਜਕਾਂ ਦੀ ਸ਼ਾਹੀ ਮੰਡਲੀ ਹਨ। ਕੀ ਤੁਹਾਨੂੰ ਆਪਣਾ ਸੱਦਿਆ ਜਾਣਾ ਯਾਦ ਹੈ? ਕੀ ਤੁਹਾਨੂੰ ਆਪਣੇ ਮਨ ਦੇ ਬਦਲਣ ਬਾਰੇ ਯਾਦ ਹੈ? ਕੀ ਤੁਹਾਨੂੰ ਆਪਣੇ ਧੋਤੇ ਜਾਣ, ਧਰਮੀ ਠਹਿਰਾਏ ਜਾਣ ਅਤੇ ਪਵਿੱਤਰ

ਕੀਤੇ ਜਾਣ ਬਾਰੇ ਯਾਦ ਹੈ?

ਕੁਝ ਹੋਰ ਵੀ ਯਾਦ ਕਰੋ: "ਜੋ ਕੋਈ ਇਹ ਨੂੰ ਰੱਦਦਾ ਹੈ ਸੋ ਮਨੁੱਖ ਨੂੰ ਨਹੀਂ ਸਗੋਂ ਪਰਮੇਸ਼ੁਰ ਨੂੰ ਰੱਦਦਾ ਹੈ ਜਿਹੜਾ ਪਵਿੱਤਰ ਆਤਮਾ ਤੁਹਾਨੂੰ ਦਿੰਦਾ ਹੈ" (ਆਇਤ 8)। ਪਰਾਈਆਂ ਕੌਮਾਂ ਕਰੋਧਿਤ ਹੋਣ ਅਤੇ ਲੋਕ ਵਿਅਰਥ ਗੱਲਾਂ ਦੀ ਕਲਪਨਾ ਕਰਨ। ਪਰਮੇਸ਼ੁਰ ਦੁਆਰਾ ਦਿੱਤੇ ਗਏ ਇਹ ਨਿਰਦੇਸ਼ ਜੀਵਨ ਦੀ ਭਰਪੂਰੀ ਨੂੰ ਖੋਹਣ ਦੇ ਉਦੇਸ਼ ਲਈ ਆਪਹੁਦਰੇ ਨਹੀਂ ਹਨ। ਭਗਤੀ ਵਿੱਚ ਇਸ ਜੀਵਨ ਲਈ ਅਤੇ ਆਉਣ ਵਾਲੇ ਜੀਵਨ ਲਈ ਵਾਅਦਾ ਹੈ। ਸਭ ਤੋਂ ਚੋਖਾ, ਸਭ ਤੋਂ ਵਧੀਆ, ਸਭ ਤੋਂ ਭਰਪੂਰ, ਵਧੀਆ ਜੀਵਨ ਇੱਥੇ ਅਤੇ ਮੌਤ ਤੋਂ ਬਾਅਦ ਮਸੀਹ ਦੇ ਵਚਨ ਅਤੇ ਵਚਨ ਦੇ ਮਸੀਹ ਦੇ ਖੇਤਰ ਅੰਦਰ ਮਿਲਦਾ ਹੈ। ਅਫ਼ਸੀਆਂ 5:11 ਦੀ ਭਾਸ਼ਾ ਵਿੱਚ, "ਅਨ੍ਹੇਰੇ ਦੇ ਅਫੱਲ ਕਾਰਜਾਂ ਵਿੱਚ ਸਾਂਝੀ ਨਾ ਹੋਵੋ ਪਰ ਉਨ੍ਹਾਂ ਨੂੰ ਨੰਗਿਆਂ ਕਰੋ।"

*ਸਿੱਟਾ।* ਯਾਦ ਰੱਖੋ ਕਿ ਮਸੀਹ ਤੁਹਾਡੇ ਲਈ ਮਰਿਆ ਹੈ! ਉਹ ਆਪਣੇ ਲਈ ਇਹੋ ਜਿਹੇ ਲੋਕਾਂ ਨੂੰ ਸ਼ੁੱਧ ਕਰਨ ਦੇ ਲਈ ਮਰਿਆ ਜਿਹੜੇ ਸ਼ੁਭ ਕੰਮ ਕਰਨ ਦੀ ਅਣਖ ਰੱਖਦੇ ਹਨ, ਜਿਹੜੇ ਬਹੁਤ ਹੀ ਵੱਖਰੇ ਲੋਕ ਹੋਣਗੇ, ਜਿਹੜੇ ਕੱਬੀ ਅਤੇ ਅੜਬ ਪੀੜ੍ਹੀ ਵਿੱਚ ਚਾਨਣ ਵਾਂਗ ਚਮਕਣਗੇ। ਆਓ ਅਸੀਂ ਪਵਿੱਤਰ ਲੋਕਾਂ ਵਾਂਗ ਜੀਵਨ ਬਤੀਤ ਕਰੀਏ, ਕਿਉਂਕਿ ਅਸੀਂ ਸੱਚਮੁੱਚ ਪਵਿੱਤਰ ਹਾਂ। AM

### "ਭਰੱਪਣ ਦੇ ਪ੍ਰੇਮ" ਵਿੱਚ ਚੱਲੋ (4:9, 10)

ਆਇਤ 9 ਵਿੱਚ ਅਸੀਂ "ਭਰੱਪਣ ਦਾ ਪ੍ਰੇਮ" ਵੇਖਦੇ ਹਾਂ। ਇਹ ਪ੍ਰੇਮ ਇੱਕ ਕੁਦਰਤੀ, ਸੁਭਾਵਕ ਭਾਵਨਾ ਨਾਲ ਹੁੰਦਾ ਹੈ ਜੋ ਵਿਅਕਤੀ ਆਪਣੇ ਪਰਿਵਾਰ ਦੇ ਲਈ ਮਹਿਸੂਸ ਕਰਦਾ ਜਾਂ ਕਰਦੀ ਹੈ। ਇਸ ਦਾ ਅਰਥ ਉਨ੍ਹਾਂ ਦੇ ਪ੍ਰਤੀ ਸਮਰਪਣ ਹੈ ਜਿਨ੍ਹਾਂ ਨੂੰ ਪ੍ਰੇਮ ਕੀਤਾ ਜਾਂਦਾ ਹੈ (ਵੇਖੋ ਰੋਮੀਆਂ 12:10)।

ਥੱਸਲੁਨੀਕੇ ਦੇ ਲੋਕ "ਇੱਕ ਦੂਏ ਨਾਲ ਪ੍ਰੇਮ ਕਰਨ ਨੂੰ ਪਰਮੇਸ਼ੁਰ ਦੇ ਸਿਖਾਏ ਹੋਏ" ਸਨ (ਆਇਤ 9)। ਇਸ ਦਾ ਅਰਥ ਇਹ ਨਹੀਂ ਹੈ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਸਿੱਧਾ ਪਰਕਾਸ਼ ਦਿੱਤਾ ਸੀ। ਬਲਕਿ, ਇਸ ਦਾ ਅਰਥ ਇਹ ਹੈ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਅਸਿੱਧੇ ਤੌਰ ਤੇ ਪੌਲੁਸ ਦੇ ਰਾਹੀਂ ਸਿੱਖਿਆ ਦਿੱਤੀ ਜਦੋਂ ਪੌਲੁਸ+ਉੱਥੇ ਸੀ (ਰਸੂਲਾਂ ਦੇ ਕਰਤੱਬ 17:2)। ਹਾਲਾਂਕਿ ਪੌਲੁਸ ਇੱਕ ਵਸੀਲਾ ਸੀ, ਸੰਦੇਸ਼ ਪਰਮੇਸ਼ੁਰ ਦਾ ਹੀ ਸੀ (2:13)।

ਥੱਸਲੁਨੀਕੀਆਂ ਨੇ ਮਕਦੂਨਿਯਾ ਵਿੱਚ ਭਾਈਆਂ ਪ੍ਰਤੀ ਆਪਣੀ ਦਿਆਲਗੀ ਦੇ ਰਾਹੀਂ ਇੱਕ ਦੂਜੇ ਲਈ ਆਪਣੇ ਪ੍ਰੇਮ ਨੂੰ ਪਰਗਟ ਕੀਤਾ (ਆਇਤ 10)। ਪੌਲੁਸ ਨੇ ਉਨ੍ਹਾਂ ਦੇ ਪ੍ਰੇਮ ਬਾਰੇ ਤਿਮੋਥਿਉਸ ਕੋਲੋਂ ਸੁਣਿਆ ਸੀ (3:6) ਅਤੇ ਉਨ੍ਹਾਂ ਦੀ ਦਿਆਲਗੀ ਉਨ੍ਹਾਂ ਦੀ ਆਪਣੀ ਮੰਡਲੀ ਤੋਂ ਵੀ ਬਾਹਰ ਪਹੁੰਚ ਗਈ। ਉਹ ਅਮੀਰ, ਗਰੀਬ, ਮਰਦਾਂ, ਔਰਤਾਂ, ਪੜ੍ਹੇ ਲਿਖਿਆਂ, ਅਨਪੜ੍ਹਾਂ, ਅਜ਼ਾਦ ਅਤੇ ਗੁਲਾਮ ਸਮੇਤ ਸਭਨਾਂ ਭਾਈਆਂ ਨੂੰ ਪ੍ਰੇਮ ਕਰਦੇ ਸਨ।

ਉਸ ਪ੍ਰੇਮ ਦੇ ਬਾਵਜੂਦ ਜੋ ਉਨ੍ਹਾਂ ਨੇ ਪਹਿਲਾਂ ਵਿਖਾਇਆ ਸੀ, ਪੌਲੁਸ ਨੇ ਉਨ੍ਹਾਂ ਨੂੰ ਤਗੀਦ ਕੀਤੀ ਕਿ "ਹੋਰ ਭੀ ਵਧਦੇ ਚੱਲੇ ਜਾਓ" (ਆਇਤ 10)। ਉਨ੍ਹਾਂ ਨੇ ਬਰਕਤ ਦਾ ਕਾਰਣ ਬਣਨ ਲਈ ਅਤੇ ਦੂਜਿਆਂ ਲਈ ਆਪਣੇ ਪ੍ਰੇਮ ਵਿੱਚ ਵਧਣ ਦੇ ਲਈ ਹੋਰ ਵੀ ਤਰੀਕੇ ਲੱਭਣੇ ਸਨ। EE

### **ਜੀਵਨ ਵਿੱਚ ਚੁੱਪ ਚਾਪ ਚੱਲਣਾ (4:11)**

ਪੌਲੁਸ ਨੇ ਥੱਸਲੁਨੀਕੀਆਂ ਨੂੰ ਉਤਸ਼ਾਹਿਤ ਕੀਤਾ ਕਿ "ਤੁਸੀਂ ਚੁੱਪ ਚਾਪ ਰਹਿਣ ਦੀ ਧਾਰਨਾ ਧਾਰੋ" (ਆਇਤ 11), ਜੋ ਕਿ ਇੱਕ ਅਜੀਬ ਧਾਰਨਾ ਜਾਪ ਸਕਦੀ ਹੈ। "ਚੁੱਪ ਚਾਪ" ਤੋਂ ਉਸ ਦਾ ਕੀ ਅਰਥ ਹੈ? ਇਹ ਚਿੰਤਾ ਉਨ੍ਹਾਂ ਦੀ ਸਮੱਸਿਆ ਨੂੰ ਪਰਗਟ ਕਰਦੀ ਹੈ ਜਿਨ੍ਹਾਂ ਨੇ ਮਸੀਹ ਦੀ ਦੂਜੀ ਆਮਦ ਦੀ ਉਡੀਕ ਕਰਨ ਲਈ ਆਪਣੇ ਦੁਨਿਆਵੀ ਕੰਮਕਾਜ ਛੱਡ ਦਿੱਤੇ ਸਨ (2 ਥੱਸਲੁਨੀਕੀਆਂ 3:1–15)। ਆਇਤ 11 ਵਿੱਚ, ਪੌਲੁਸ ਨੇ ਉਨ੍ਹਾਂ ਨੂੰ ਧਿਆਨ ਕੇਂਦਰਿਤ ਰਹਿਣ ਵਿੱਚ ਮਦਦ ਕਰਨ ਲਈ ਤਿੰਨ ਚਿਤਾਵਨੀਆਂ ਦਿੱਤੀਆਂ ਹਨ।

*"ਚੁੱਪ ਚਾਪ ਰਹੋ।"* NEB ਬਾਈਬਲ ਦਾ ਅਨੁਵਾਦ ਕਹਿੰਦਾ ਹੈ ਕਿ ਉਤੇਜਿਤ ਹੋਣ ਦੀ ਬਜਾਇ "ਚੁੱਪ ਰਹਿਣ ਦੀ ਕੋਸ਼ਿਸ਼ ਕਰੋ।" ਇਸ ਲਈ, ਖਮੋਸ਼ੀ ਪੈਦਾ ਕਰਨ ਲਈ ਸਾਡਾ ਚੁੱਪ ਰਹਿਣਾ ਜ਼ਰੂਰੀ ਹੈ।

*"ਆਪੋ ਆਪਣੇ ਕੰਮ ਧੰਦੇ ਕਰੋ।"* ਇੱਕ ਭਾਵ ਵਿੱਚ ਅਸੀਂ ". . . ਦੂਜਿਆਂ ਦੇ ਹਾਲ ਉੱਤੇ ਵੀ ਨਿਗਾਹ ਕਰਨੀ" ਹੈ (ਫ਼ਿਲਿੱਪੀਆਂ 2:4)। ਫਿਰ ਵੀ ਅਸੀਂ ਦੂਜੇ ਲੋਕਾਂ ਦੇ ਕੰਮ ਧੰਦੇ ਵਿੱਚ ਲੱਤ ਅੜਾਉਣ ਵਾਲੇ ਨਹੀਂ ਬਣਨਾ ਹੈ। ਪਤਰਸ ਨੇ ਲਿਖਿਆ, "ਪਰ ਐਉਂ ਨਾ ਹੋਵੇ ਜੋ ਤੁਹਾਡੇ ਵਿੱਚੋਂ ਕੋਈ ਖੂਨੀ ਯਾ ਚੋਰ ਯਾ ਬੁਰਿਆਰ ਯਾ ਹੋਰਨਾਂ ਦੇ ਕੰਮ ਵਿੱਚ ਲੱਤ ਅੜਾਉਣ ਵਾਲਾ ਹੋ ਕੇ ਦੁਖ ਪਾਵੇ" (1 ਪਤਰਸ 4:15)। ਕਿਸੇ ਦੇ ਕੰਮ ਵਿੱਚ ਲੱਤ ਅੜਾਉਣ ਤੋਂ ਦੂਰ ਰਹਿਣ ਦਾ ਸਭ ਤੋਂ ਵਧੀਆ ਤਰੀਕਾ ਹੈ ਆਪਣੇ ਕੰਮ ਨਾਲ ਕੰਮ ਰੱਖਣਾ। ਸਾਨੂੰ ਆਪਣੀਆਂ ਜ਼ਿੰਮੇਵਾਰੀਆਂ ਨੂੰ ਜਾਣਨਾ, ਉਨ੍ਹਾਂ ਨੂੰ ਸਵੀਕਾਰ ਕਰਨਾ ਅਤੇ ਉਨ੍ਹਾਂ ਨੂੰ ਨਿਭਾਉਣਾ ਚਾਹੀਦਾ ਹੈ।

*"ਆਪਣੇ ਹੱਥੀਂ ਮਿਹਨਤ ਕਰੋ।"* ਸਾਨੂੰ ਆਪਣੀ ਰੋਜ਼ੀ ਰੋਟੀ ਕਮਾਉਣ ਦੇ ਲਈ ਮਿਹਨਤ ਕਰਨੀ ਚਾਹੀਦੀ ਹੈ, ਤਾਂ ਜੋ ਅਸੀਂ "ਕਿਸੇ ਦੇ ਅਰਥੀਏ ਨਾ ਹੋਈਏ" (ਆਇਤ 12)। ਜਦੋਂ ਅਸੀਂ ਖੁਦ ਮਿਹਨਤ ਕਰ ਸਕਦੇ ਹਾਂ ਤਾਂ ਦੂਜਿਆਂ ਤੇ ਨਿਰਭਰ ਹੋਣਾ ਗਲਤ ਹੁੰਦਾ ਹੈ। 2 ਥੱਸਲੁਨੀਕੀਆਂ ਵਿੱਚ ਅੱਗੇ ਜਾ ਕੇ ਪੌਲੁਸ ਨੇ ਲਿਖਿਆ, "ਜੇ ਕੋਈ ਕੰਮ ਧੰਦਾ ਕਰਨੋਂ ਨੱਕ ਵੱਟਦਾ ਹੈ ਤਾਂ ਰੋਟੀ ਵੀ ਨਾ ਖਾਵੇ" (3:10)। ਇਸ ਦਾ ਮਤਲਬ ਇਹ ਨਹੀਂ ਹੈ ਕਿ ਜਦੋਂ ਕੋਈ ਅਪਾਹਜ ਹੁੰਦਾ ਹੈ ਜਾਂ ਕੰਮ ਨਹੀਂ ਲੱਭ ਸਕਦਾ ਤਾਂ ਸਾਨੂੰ ਉਨ੍ਹਾਂ ਦੀ ਮਦਦ ਨਹੀਂ ਕਰਨੀ ਚਾਹੀਦੀ (ਵੇਖੋ ਅਫ਼ਸੀਆਂ 4:28; ਯਾਕੂਬ 2:14–16)। ਬਲਕਿ, ਪੌਲੁਸ ਦੇ ਸ਼ਬਦ ਥੱਸਲੁਨੀਕੇ ਉਨ੍ਹਾਂ ਝਗੜਾਲੂਆਂ ਨੂੰ ਸੰਬੋਧਿਤ ਸਨ ਜਿਹੜੇ ਕੰਮ ਨਹੀਂ ਕਰ ਰਹੇ ਸਨ ਅਤੇ ਕਲੀਸੀਆ ਦੀ ਸ਼ਾਖ ਨੂੰ ਠੇਸ ਪਹੁੰਚਾ ਰਹੇ ਸਨ। ਪੌਲੁਸ ਨੇ ਕਲੀਸੀਆ ਨੂੰ ਇੱਕ ਚੰਗਾ ਨਮੂਨਾ ਬਣਨ ਦੀ ਬੇਨਤੀ ਕੀਤੀ, "ਭਈ ਤੁਸੀਂ ਬਾਹਲਿਆਂ ਲੋਕਾਂ ਦੇ ਸਾਹਮਣੇ ਭਲਮਣਸਊ ਨਾਲ ਚੱਲੋ ਅਤੇ ਕਿਸੇ ਦੇ ਅਰਥੀਏ ਨਾ ਹੋਵੋ" (ਆਇਤ 12)।

ਕੀ ਸਾਡੀਆਂ ਕਲੀਸੀਆਵਾਂ ਵਿੱਚ ਵੀ ਕਦੀ ਇਹੋ ਜਿਹੇ ਲੋਕ ਹੁੰਦੇ ਹਨ? ਪੌਲੁਸ ਨੇ ਕਿਹਾ, "ਮਿਹਨਤ ਕਰੋ।" ਸਾਨੂੰ ਆਪਣਾ ਧਿਆਨ ਉਨ੍ਹਾਂ ਕੋਸ਼ਿਸ਼ਾਂ ਵੱਲ ਲਗਾਉਣ ਦੇ ਲਈ ਇੱਕ ਦੂਜੇ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ ਜੋ ਪ੍ਰਭੂ ਦੀ ਕਲੀਸੀਆ ਨੂੰ ਡੇਗਣ ਦੀ ਬਜਾਇ ਉਸਾਰਦੀਆਂ ਹਨ। EE

### **ਪ੍ਰੇਮ ਕਰਨਾ ਅਤੇ ਜੀਉਣਾ (4:9-12)**

ਮਸੀਹੀ ਲੋਕਾਂ ਕੋਲ ਉੱਨਤੀ ਦੀ ਹਮੇਸ਼ਾ ਗੁੰਜਾਇਸ਼ ਹੁੰਦੀ ਹੈ। ਨਵੇਂ ਨੇਮ ਦੀਆਂ ਬਾਕੀ

ਪੱਤ੍ਰੀਆਂ ਦੇ ਵਾਂਗ, 1 ਥੱਸਲੁਨੀਕੀਆਂ ਦੀ ਪੱਤ੍ਰੀ ਚੰਗੇ ਵਿਹਾਰ ਵਿੱਚ ਉੱਨਤੀ ਦੇ ਲਈ ਉਤਸ਼ਾਹਿਤ ਕਰਦੀ ਹੈ। ਨੌਜਵਾਨ, ਵਫ਼ਾਦਾਰ ਅਤੇ ਪ੍ਰੇਮ ਕਰਨ ਵਾਲੇ ਮਸੀਹੀ ਲੋਕ ਜਿਨ੍ਹਾਂ ਲਈ ਇਹ ਪੱਤ੍ਰੀ ਭੇਜੀ ਗਈ ਸੀ ਉਨ੍ਹਾਂ ਨੂੰ ਹਰਾਮਕਾਰੀ ਤੋਂ ਬਚਣ ਅਤੇ ਪਵਿੱਤਰਤਾਈ ਦੇ ਲਈ ਕੋਸ਼ਿਸ਼ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ, ਪਰ ਉਹ ਆਪਣੇ ਜੀਵਨਾਂ ਵਿੱਚ ਦੋ ਸਕਾਰਾਤਮਕ ਗੁਣਾਂ ਨੂੰ ਵੀ ਵਿਕਸਤ ਕਰਨ ਲਈ ਉਤਸ਼ਾਹਿਤ ਹੋਏ ਸਨ ਜੋ ਕਿ ਉਤਸ਼ਾਹ ਨਾਲ ਪ੍ਰੇਮ ਕਰਨਾ ਅਤੇ ਸ਼ਾਤੀਪੂਰਨ ਜੀਉਣਾ ਸੀ। ਇਨ੍ਹਾਂ ਗੁਣਾਂ ਦਾ ਉਨ੍ਹਾਂ ਦੇ ਆਪਣੇ ਆਲੇ-ਦੁਆਲੇ ਦੇ ਲੋਕਾਂ, ਉਨ੍ਹਾਂ ਦੇ ਸਾਥੀ ਮਸੀਹੀਆਂ ਅਤੇ ਉਨ੍ਹਾਂ ਤੇ ਜਿਹੜੇ ਪ੍ਰਭੂ ਦੀ ਕਲੀਸੀਆ ਵਿੱਚੋਂ ਬਾਹਰ ਹਨ ਦੋਹਾਂ ਤੇ ਇੱਕ ਚੰਗਾ ਪ੍ਰਭਾਵ ਹੋਵੇਗਾ। ਪਰਮੇਸ਼ੁਰ ਦੀ ਨਜ਼ਰ ਵਿੱਚ ਸਹੀ ਤਰ੍ਹਾਂ ਦਾ ਵਿਹਾਰ ਉਨ੍ਹਾਂ ਦੇ ਆਲੇ-ਦੁਆਲੇ ਜਿਹੜੇ ਲੋਕ ਹਨ ਉਨ੍ਹਾਂ ਲਈ ਇੱਕ ਸਕਾਰਾਤਮਕ ਅਤੇ ਮਦਦਗਾਰ ਪ੍ਰਭਾਵ ਬਣਨ ਦਾ ਸੰਭਵ ਤੌਰ ਤੇ ਸਭ ਤੋਂ ਵਧੀਆ ਪ੍ਰਭਾਵ ਹੋਵੇਗਾ। ਉਨ੍ਹਾਂ ਦੇ ਜੀਵਨਾਂ ਵਿੱਚ ਖੁਸ਼ਖ਼ਬਰੀ ਪਰਗਟ ਹੋਵੇਗੀ।

ਪ੍ਰੇਮ ਕਰਨਾ ਅਤੇ ਪਰਮੇਸ਼ੁਰ ਦੇ ਤਰੀਕੇ ਨਾਲ ਜੀਉਣ ਦੇ ਲਈ ਕੁਝ ਗੁਣਾਂ ਦੀ ਲੋੜ ਹੁੰਦੀ ਹੈ ਜਿਹੜੇ ਅਸੀਂ ਮਸੀਹੀ ਉੱਨਤੀ ਦੇ ਇੱਕ ਹਿੱਸੇ ਵਜੋਂ ਵਿਕਸਤ ਕਰਦੇ ਹਾਂ। ਮਸੀਹੀ ਸਿਆਣਪ ਵਿੱਚ ਆਪਣੇ ਆਲੇ-ਦੁਆਲੇ ਦੇ ਲੋਕਾਂ ਨਾਲ ਸੰਬੰਧ ਰੱਖਣ ਦਾ ਤਰੀਕਾ ਅਤੇ ਆਪਣੇ ਰੋਜ਼ਮੱਰਾ ਦੇ ਜੀਵਨ ਵਿੱਚ ਕੰਮ ਕਰਨ ਦਾ ਤਰੀਕਾ ਸ਼ਾਮਲ ਹੁੰਦਾ ਹੈ।

*ਪ੍ਰੇਮ ਕਰਨ ਵਿੱਚ ਵਧਣਾ* (4:9, 10)। ਕੀ ਅਸੀਂ ਪ੍ਰੇਮ ਵਿੱਚ ਵਧ ਰਹੇ ਹਾਂ? ਸ਼ਾਇਦ ਇਹ ਸਵਾਲ ਪੁੱਛਿਆ ਜਾਣਾ ਸ਼ਰਮਿੰਦਗੀ ਦੀ ਗੱਲ ਹੈ। ਕਈ ਵਾਰ ਅਸੀਂ ਸ਼ਰਮਿੰਦੇ ਹੋ ਜਾਂਦੇ ਹਾਂ ਕਿਉਂਕਿ ਅਸੀਂ ਪ੍ਰੇਮ ਕਰਨ ਵਿੱਚ ਸਿਆਣੇ ਬਣਨ ਦੀ ਕੋਸ਼ਿਸ਼ ਨਹੀਂ ਕਰ ਰਹੇ ਹਾਂ। ਕਦੇ-ਕਦੇ ਇਸ ਤਰ੍ਹਾਂ ਦਾ ਸਵਾਲ ਪੁੱਛਿਆ ਜਾਣਾ ਅਣਸੁਖਾਵਾਂ ਹੁੰਦਾ ਹੈ ਕਿਉਂਕਿ ਅਸੀਂ ਸੋਚਦੇ ਹਾਂ ਕਿ ਪ੍ਰੇਮ ਕਰਨ ਵਾਲੇ ਬਣਨਾ ਸਾਡਾ ਸੁਭਾਅ ਨਹੀਂ ਹੈ। ਸ਼ਾਇਦ ਸਾਡੇ ਕੋਲੋਂ ਇਹੋ ਜਿਹਾ ਸਵਾਲ ਪੁੱਛਿਆ ਜਾਣਾ ਸਾਨੂੰ ਉਲਝਣ ਵਿੱਚ ਪਾਉਣ ਵਾਲਾ ਹੁੰਦਾ ਹੈ ਕਿਉਂਕਿ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਅਸੀਂ ਤਾਂ ਪਹਿਲਾਂ ਹੀ ਪ੍ਰੇਮ ਕਰਨ ਵਾਲੇ ਲੋਕ ਹਾਂ।

ਰਸੂਲ ਥੱਸਲੁਨੀਕੇ ਵਿੱਚ ਖੁਸ਼ਖ਼ਬਰੀ ਸੁਣਾਉਣ ਦੇ ਲਈ ਆਏ ਸਨ (2:2) ਅਤੇ ਇਨ੍ਹਾਂ ਲੋਕਾਂ ਨੇ ਜਿਨ੍ਹਾਂ ਦਾ ਮਨ ਬਦਲ ਗਿਆ ਸੀ ਇਸ ਖੁਸ਼ਖ਼ਬਰੀ ਨੂੰ ਪਰਮੇਸ਼ੁਰ ਵੱਲੋਂ ਵਚਨ ਦੇ ਤੌਰ ਤੇ ਕਬੂਲ ਕੀਤਾ ਸੀ (2:13)। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਉਨ੍ਹਾਂ ਦੀ ਸਿੱਖਿਆ ਵਿੱਚ ਪਰਮੇਸ਼ੁਰ ਦੇ ਪ੍ਰੇਮ ਦਾ ਸੰਦੇਸ਼ ਸੀ (1:4)। ਪ੍ਰਚਾਰਕਾਂ ਨੇ ਵੀ ਥੱਸਲੁਨੀਕੀਆਂ ਲਈ ਕੀਤੇ ਆਪਣੇ ਕੰਮਾਂ ਵਿੱਚ ਇਸ ਪ੍ਰੇਮ ਨੂੰ ਪਰਗਟ ਕੀਤਾ ਸੀ (2:7, 8)। ਨਵੇਂ ਮਸੀਹੀ ਲੋਕਾਂ ਨੇ ਉਸ ਪ੍ਰੇਮ ਦੀ ਨਕਲ ਕੀਤੀ ਸੀ ਜਿਸ ਦੇ ਬਾਰੇ ਉਨ੍ਹਾਂ ਨੇ ਇਨ੍ਹਾਂ ਮੁਸਾਫ਼ਰ ਪ੍ਰਚਾਰਕਾਂ ਨੂੰ ਸਿਖਾਉਂਦੇ ਸੁਣਿਆ ਅਤੇ ਅਨੁਭਵ ਕੀਤਾ ਸੀ (3:6)। ਉਨ੍ਹਾਂ ਨੂੰ ਪ੍ਰੇਮ ਦੇ ਬਾਰੇ ਦੱਸਣ ਦੀ ਕੋਈ ਲੋੜ ਨਹੀਂ ਸੀ ਕਿਉਂਕਿ ਉਨ੍ਹਾਂ ਨੇ ਪਹਿਲਾਂ ਹੀ ਸੁਣਿਆ, ਅਨੁਭਵ ਕੀਤਾ ਅਤੇ ਉਸ ਹੁਕਮ ਦਾ ਪਾਲਣ ਕੀਤਾ ਸੀ।

ਇਹ ਪਰਿਕ੍ਰਿਆ ਉਹ ਸੀ ਜਿਸ ਦੀ ਯਿਸੂ ਨੇ ਭਵਿੱਖਬਾਣੀ ਕੀਤੀ ਸੀ ਕਿ ਇਹ ਪਰਮੇਸ਼ੁਰ ਦੇ ਲੋਕਾਂ ਵਿੱਚ ਖੁਸ਼ਖ਼ਬਰੀ ਦਾ ਪਰਿਣਾਮ ਹੋਏਗਾ ਜਦੋਂ ਉਸ ਨੇ ਕਿਹਾ, "ਮੈਂ ਤੁਹਾਨੂੰ ਨਵਾਂ ਹੁਕਮ ਦਿੰਦਾ ਹਾਂ ਕਿ ਇੱਕ ਦੂਏ ਨੂੰ ਪਿਆਰ ਕਰੋ ਅਰਥਾਤ ਜਿਵੇਂ ਮੈਂ ਤੁਹਾਨੂੰ ਪਿਆਰ ਕੀਤਾ ਤਿਵੇਂ ਤੁਸੀਂ ਇੱਕ ਦੂਏ ਨੂੰ ਪਿਆਰ ਕਰੋ। ਜੇ ਤੁਸੀਂ ਆਪੋ ਵਿੱਚ ਪ੍ਰੇਮ ਰੱਖੋ ਤਾਂ ਇਸ ਤੋਂ ਸਭ ਜਾਣਨਗੇ ਭਈ ਤੁਸੀਂ ਮੇਰੇ ਚੇਲੇ ਹੋ" (ਯੂਹੰਨਾ 13:34, 35)। ਨੌਜਵਾਨ

ਕਲੀਸੀਆ ਨੂੰ ਲਿਖੀ ਇਸ ਪੱਤ੍ਰੀ ਵਿੱਚ, ਪੌਲੁਸ ਨੇ ਕਿਹਾ ਕਿ ਪਰਮੇਸ਼ੁਰ ਦੀ ਯੋਜਨਾ ਇਸ ਪਰਿਕ੍ਰਿਆ ਨੂੰ ਜਾਰੀ ਰੱਖਣ ਅਤੇ ਉਨ੍ਹਾਂ ਦੇ ਜੀਵਨਾਂ ਵਿੱਚ ਇਸ ਦਾ ਵਿਸਥਾਰ ਕਰਨ ਦੀ ਸੀ।

ਇਨ੍ਹਾਂ ਮਸੀਹੀ ਲੋਕਾਂ ਦੀ ਉਨ੍ਹਾਂ ਦੇ ਪ੍ਰੇਮ ਲਈ ਸ਼ਲਾਘਾ ਕੀਤੀ ਗਈ ਸੀ ਜੋ ਉਨ੍ਹਾਂ ਦਾ ਆਪਣੀ ਮੰਡਲੀ ਅਤੇ ਉਸ ਇਲਾਕੇ ਦੀਆਂ ਗੁਆਂਢੀ ਕਲੀਸੀਆਵਾਂ ਦੇ ਪ੍ਰਤੀ ਸੀ ਜੋ ਕਿ ਬਰਿਯਾ ਅਤੇ ਫ਼ਿਲਿੱਪੈ ਵਿੱਚ ਸਨ। ਉਹ ਪ੍ਰੇਮ ਵਿੱਚ ਵਧਣ ਲਈ ਪ੍ਰੇਰਿਤ ਹੋਏ ਸਨ, ਜਿਵੇਂ ਕਿ ਇਸ ਪੱਤ੍ਰੀ ਵਿੱਚ ਉਹ ਪਹਿਲਾਂ ਵੀ ਪ੍ਰੇਰਿਤ ਹੋਏ ਸਨ (3:12)। ਇਸ ਪੱਤ੍ਰੀ ਨੂੰ ਪ੍ਰਾਪਤ ਕਰਨ ਵਾਲਿਆਂ ਦੀ ਪ੍ਰੇਮ ਨਾ ਕਰਨ ਵਾਲੇ ਬਣਨ ਲਈ ਆਲੋਚਨਾ ਨਹੀਂ ਸੀ ਕੀਤੀ ਜਾ ਰਹੀ, ਪਰ ਉਨ੍ਹਾਂ ਨੂੰ ਆਪਣੀ ਸਮਰੱਥਾ ਤੱਕ ਪਹੁੰਚਣ ਦੇ ਲਈ ਪ੍ਰੇਰਿਤ ਕੀਤਾ ਜਾ ਰਿਹਾ ਸੀ (4:9, 10)।

ਪ੍ਰੇਮ ਕਰਨ ਵਾਲੀ ਮੰਡਲੀ ਨੂੰ ਬਾਰ-ਬਾਰ ਹੋਰ ਵੀ ਪ੍ਰੇਮ ਕਰਨ ਵਾਲੀ ਬਣਨ ਦੀ ਬੇਨਤੀ ਕਿਉਂ ਕੀਤੀ ਜਾ ਰਹੀ ਸੀ? ਪ੍ਰੇਮ ਉਨ੍ਹਾਂ ਦੇ ਲਈ ਮਸੀਹੀਅਤ ਦਾ ਇੱਕ ਮਹੱਤਵਪੂਰਣ ਪਹਿਲੂ ਰਿਹਾ ਹੋਵੇਗਾ। ਜੇਕਰ ਇਹ ਉਨ੍ਹਾਂ ਦੇ ਲਈ ਮਹੱਤਵਪੂਰਣ ਸੀ, ਤਾਂ ਇਹ ਸਾਡੇ ਲਈ ਵੀ ਮਹੱਤਵਪੂਰਣ ਹੋਣਾ ਚਾਹੀਦਾ ਹੈ। ਸਾਡਾ ਪ੍ਰੇਮ ਕਰਨਾ ਕਿਵੇਂ ਦਾ ਹੈ? ਕੀ ਸਾਡੀ ਮੰਡਲੀ ਦੇ ਲੋਕ ਅਤੇ ਸਾਡੇ ਸਮਾਜ ਸਾਡੇ ਪ੍ਰੇਮ ਬਾਰੇ ਜਾਣਦੇ ਹਨ? ਕੀ ਸਾਡਾ ਰੁਤਬਾ ਪ੍ਰੇਮ ਕਰਨ ਵਾਲੇ ਬਣਨ ਦਾ ਹੈ ਜਿਵੇਂ ਯਿਸੂ ਦੇ ਇਨ੍ਹਾਂ ਨਵੇਂ ਚੇਲਿਆਂ ਦਾ ਸੀ?

ਕਿਵੇਂ ਅਸੀਂ ਪ੍ਰੇਮ ਕਰਨ ਵਿੱਚ ਵਧ ਸਕਦੇ ਹਾਂ? ਅਸੀਂ ਦੂਜਿਆਂ ਨੂੰ ਹੋਰ ਜ਼ਿਆਦਾ ਪ੍ਰੇਮ ਕਰਨ ਵਾਲੇ ਬਣਾਉਣ ਲਈ ਕਿਵੇਂ ਉਨ੍ਹਾਂ ਦੀ ਮਦਦ ਕਰ ਸਕਦੇ ਹਾਂ? ਯਿਸੂ ਦੇ ਪ੍ਰੇਮ ਨੂੰ ਸਮਝ ਕੇ ਅਤੇ ਪਰਗਟ ਕਰਕੇ। ਯਿਸੂ ਨੇ ਆਪਣੇ ਚੇਲਿਆਂ ਨੂੰ ਇੱਕ ਦੂਜੇ ਨਾਲ ਉਸੇ ਤਰ੍ਹਾਂ ਪਿਆਰ ਕਰਨ ਦੇ ਲਈ ਆਖਿਆ “ਜਿਵੇਂ ਮੈਂ ਤੁਹਾਨੂੰ ਪਿਆਰ ਕੀਤਾ” (ਯੂਹੰਨਾ 13:34; 15:12)। ਸਭ ਤੋਂ ਪਹਿਲਾਂ, ਸਾਡੇ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਉਸ ਦਾ ਪ੍ਰੇਮ ਕਿਸ ਤਰ੍ਹਾਂ ਦਾ ਹੈ।

ਸਾਨੂੰ ਯਿਸੂ ਦੁਆਰਾ ਵਿਖਾਏ ਗਏ ਪਰਮੇਸ਼ੁਰ ਦੇ ਪ੍ਰੇਮ ਤੇ ਸਬਕਾਂ ਦੀ ਲੋੜ ਹੈ। ਸਾਨੂੰ ਯਿਸੂ ਪਿੱਛੇ ਚੱਲਣ, ਉਸ ਦੇ ਅਸਲੀ ਚੇਲੇ ਬਣਨ ਅਤੇ ਉਸ ਦੇ ਨਕਸ਼ੇ ਕਦਮਾਂ ਤੇ ਚੱਲਣ ਲਈ ਸਬਕਾਂ ਦੀ ਲੋੜ ਹੈ। ਸਾਨੂੰ ਪ੍ਰੇਮ ਭਰੇ ਵਿੱਚਾਰਾਂ, ਗੱਲਾਂ ਅਤੇ ਕੰਮਾਂ ਅਤੇ ਇਨ੍ਹਾਂ ਪ੍ਰੇਮ ਕਰਨ ਵਾਲੇ ਕੰਮਾਂ ਦੇ ਨੈਤਿਕ ਸਿਧਾਂਤਾਂ ਤੇ ਸਬਕਾਂ ਦੀ ਲੋੜ ਹੈ। ਅਸੀਂ ਇੱਕੋ ਸਮੇਂ ਇੱਕੋ ਵਿਅਕਤੀ ਨਾਲ ਸਰਲ ਤਰੀਕੇ ਨਾਲ ਮਸੀਹ ਪ੍ਰੇਮ ਪਿਆਰ ਕਰਨਾ ਸ਼ੁਰੂ ਕਰ ਸਕਦੇ ਹਾਂ। ਜੇਕਰ ਅਸੀਂ ਪਰਮੇਸ਼ੁਰ ਲਈ ਸਾਡੇ ਪ੍ਰੇਮ ਨੂੰ ਸਾਨੂੰ ਇਨ੍ਹਾਂ ਨਵੇਂ ਮਸੀਹੀ ਲੋਕਾਂ ਦੇ ਪ੍ਰਤੀ ਇਨ੍ਹਾਂ ਸਿੱਖਿਆ ਦੇਣ ਵਾਲਿਆਂ ਦੇ ਕੰਮਾਂ ਦਾ ਪਾਲਣ ਕਰਨ ਦੇ ਲਈ ਪ੍ਰੇਰਿਤ ਕਰਨ ਦੇਈਏ, ਤਾਂ ਅਸੀਂ ਪ੍ਰੇਮ ਨਾਲ ਦੂਜਿਆਂ ਨੂੰ ਵਿਕਸਤ ਹੋਣ ਵਿੱਚ ਉਨ੍ਹਾਂ ਦੀ ਮਦਦ ਕਰਾਂਗੇ।

*ਜੀਉਣ ਵਿੱਚ ਵਧਣਾ* (4:11)। ਥੱਸਲੁਨੀਕੇ ਦੇ ਮਸੀਹੀ ਲੋਕਾਂ ਨੂੰ ਕਿਹਾ ਗਿਆ ਸੀ ਕਿ ਹੱਥੀਂ ਮਿਹਨਤ ਕਰਨਾ ਉਨ੍ਹਾਂ ਦੀ “ਧਾਰਨਾ” ਹੋਵੇ (4:11)। ਪਰਮੇਸ਼ੁਰ ਚਾਹੁੰਦਾ ਸੀ ਕਿ ਉਹ ਆਪੋ ਆਪਣੇ ਕੰਮ ਧੰਦੇ ਵਧੀਆ ਢੰਗ ਨਾਲ ਕਰਨ। ਇਸ ਕਲੀਸੀਆ ਨੂੰ ਲਿਖੀ ਗਈ ਦੂਜੀ ਪੱਤ੍ਰੀ ਵਿੱਚ, ਪਰਮੇਸ਼ੁਰ ਉਨ੍ਹਾਂ ਨੂੰ ਦੂਜਿਆਂ ਦੇ ਕੰਮ ਵਿੱਚ ਦਖ਼ਲਅੰਦਾਜ਼ੀ ਕਰਨ ਦੇ ਖ਼ਤਰੇ ਬਾਰੇ ਸਿੱਖਿਆ ਦੇਵੇਗਾ। ਆਇਤ 11 ਇਸ ਗੱਲ ਤੇ ਜ਼ੋਰ ਦਿੰਦੀ ਹੈ ਕਿ ਕੰਮ ਧੰਦਾ ਕਰਨਾ ਜ਼ਰੂਰੀ ਹੈ। ਇਹ ਪਰਮੇਸ਼ੁਰ ਦੇ ਲਈ ਜ਼ਰੂਰੀ ਹੈ ਅਤੇ ਪਰਮੇਸ਼ੁਰ ਚਾਹੁੰਦਾ ਹੈ ਕਿ ਇਹ ਉਨ੍ਹਾਂ ਦੇ ਲਈ ਵੀ ਜ਼ਰੂਰੀ ਹੋਵੇ।

ਕਈ ਵਾਰ ਅਸੀਂ ਸੋਚਦੇ ਹਾਂ ਕਿ ਪਰਮੇਸ਼ੁਰ ਸਿਰਫ ਉਨ੍ਹਾਂ ਦੇ ਕੰਮ ਵਿੱਚ ਦਿਲਚਸਪੀ ਰੱਖਦਾ ਹੈ ਜਿਹੜੇ ਉਪਦੇਸ਼ ਦਿੰਦੇ ਅਤੇ ਬਾਈਬਲ ਕਲਾਸਾਂ ਵਿੱਚ ਸਿੱਖਿਆ ਦਿੰਦੇ ਹਨ। ਪਰਮੇਸ਼ੁਰ ਚਾਹੁੰਦਾ ਹੈ ਕਿ ਥੱਸਲੁਨੀਕੇ ਦੀ ਕਲੀਸੀਆ-ਅਤੇ ਅਸੀਂ-ਇਹ ਜਾਣ ਲਈਏ ਕਿ "ਆਪਣੇ ਹੱਥੀਂ ਮਿਹਨਤ ਕਰਨਾ" ਉਸ ਦੇ ਲਈ ਮਹੱਤਵਪੂਰਣ ਹੈ। ਇਨ੍ਹਾਂ ਭਾਈਆਂ ਨੂੰ ਉਸ ਤਰੀਕੇ ਨਾਲ ਕੰਮ ਕਰਨ ਦੇ ਲਈ ਪਰਮੇਸ਼ੁਰ ਦਾ ਹੁਕਮ ਮਿਲਿਆ ਸੀ, ਪਰ ਉਨ੍ਹਾਂ ਨੇ ਉਨ੍ਹਾਂ ਲੋਕਾਂ ਦੇ ਮਹਾਨ ਉਦਾਹਰਣ ਵੀ ਵੇਖੇ ਸਨ ਜਿਹੜੇ ਧੀਰਜ ਨਾਲ ਅਤੇ ਚੁੱਪ ਚਾਪ ਖੁਸ਼ਖ਼ਬਰੀ ਦਾ ਪ੍ਰਚਾਰ ਲਈ ਮਿਹਨਤ ਕਰਨ ਨੂੰ ਤਿਆਰ ਸਨ, ਕਿਉਂਕਿ ਉਨ੍ਹਾਂ ਨੇ ਦੂਜਿਆਂ ਤੇ ਭਾਰੂ ਨਾ ਹੋਣ ਦੇ ਲਈ ਦਿਨ ਰਾਤ ਕੰਮ ਧੰਦਾ ਕੀਤਾ ਸੀ (2:8, 9)।

ਹੁਣ ਇਨ੍ਹਾਂ ਮਸੀਹੀ ਲੋਕਾਂ ਨੂੰ ਇਸ ਨਮੂਨੇ ਤੇ ਚੱਲਣ ਦੇ ਲਈ ਕਿਹਾ ਗਿਆ। ਕੁਲੱਸੈ ਵਿੱਚ ਗੁਲਾਮਾਂ ਅਤੇ ਮਾਲਕਾਂ ਦੇ ਵਾਂਗ, ਉਨ੍ਹਾਂ ਨੂੰ ਇਹ ਸਮਝਣ ਦੀ ਲੋੜ ਸੀ ਕਿ ਪਰਮੇਸ਼ੁਰ ਸਾਡੇ ਸਭਨਾਂ ਦਾ ਮਾਲਕ ਹੈ ਅਤੇ ਇਹ ਕਿ ਉਸ ਦੀ ਅਗਵਾਈ ਹੇਠ ਸਾਡਾ ਕੰਮ ਸਾਡੇ ਕੰਮ ਨੂੰ ਉਸ ਦਾ ਕੰਮ ਬਣਾਉਂਦਾ ਹੈ। ਜਿਹੜੇ ਕੁਲੁੱਸੈ ਵਿੱਚ ਸਨ ਉਨ੍ਹਾਂ ਨੂੰ ਕਿਹਾ ਗਿਆ ਸੀ, "ਜੋ ਕੁਝ ਤੁਸੀਂ ਕਰੋ ਸੋ ਚਿੱਤ ਲਾ ਕੇ ਪ੍ਰਭੂ ਦੇ ਲਈ ਕਰੋ, ਨਾ ਮਨੁੱਖਾਂ ਦੇ ਲਈ" (ਕੁਲੁੱਸੀਆਂ 3:23)। ਉਨ੍ਹਾਂ ਦਾ ਮਾਲਕ ਸੰਸਾਰ ਵਿੱਚ ਸਭ ਤੋਂ ਵੱਡਾ ਸੀ! ਉਹ ਸਾਡਾ ਵੀ ਮਾਲਕ ਹੈ! ਪ੍ਰਭੂ ਦੇ ਲਈ ਕੰਮ ਕਰੋ!

ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਅਭਿਲਾਸ਼ੀ ਬਣੀਏ। ਉਹ ਇਹ ਨਹੀਂ ਚਾਹੁੰਦਾ ਕਿ ਅਸੀਂ ਆਪਣੀਆਂ ਅਭਿਲਾਸ਼ਾਵਾਂ ਨੂੰ ਗਲਤ ਤਰੀਕਿਆਂ ਨਾਲ ਹਾਸਲ ਕਰੀਏ, ਪਰ ਸਾਡੇ ਆਪਣੇ ਕੰਮਾਂ ਵਿੱਚ ਸਭ ਤੋਂ ਉੱਤਮ ਕੋਸ਼ਿਸ਼ਾਂ ਦੇ ਰਾਹੀਂ। ਉਹ ਸਾਡੀ ਸਮਰੱਥਾ ਅਤੇ ਸਾਡੀਆਂ ਹੱਦਾਂ ਨੂੰ ਜਾਣਦਾ ਹੈ। ਉਹ ਹਮੇਸ਼ਾ ਉਹੋ ਚਾਹੁੰਦਾ ਹੈ ਜੋ ਸਾਡੇ ਲਈ ਸਭ ਤੋਂ ਉੱਤਮ ਹੈ। ਉਹ ਜਾਣਦਾ ਹੈ ਕਿ ਸਾਡੇ ਲਈ ਕਿਹੜਾ ਕੰਮ ਚੰਗਾ ਹੈ ਅਤੇ ਉਸ ਕੰਮ ਨੂੰ ਸਹੀ ਢੰਗ ਨਾਲ ਕਰਨਾ ਸਾਡੇ ਲਈ ਅਤੇ ਦੂਜਿਆਂ ਲਈ ਫਾਇਦੇਮੰਦ ਹੁੰਦਾ ਹੈ। ਸਾਡਾ ਕੰਮ ਪਰਮੇਸ਼ੁਰ ਦੇ ਲਈ ਮਹੱਤਵਪੂਰਣ ਹੈ।

ਪਰਮੇਸ਼ੁਰ ਨੂੰ ਜੋ ਪਰਸੰਨ ਕਰਦਾ ਹੈ ਉਹ ਸਾਡੇ ਲਈ ਇਹ ਸਮਝਣ ਵਾਸਤੇ ਹੈ ਕਿ ਅਸੀਂ ਉਸ ਦੇ ਲਈ ਕੰਮ ਕਰ ਰਹੇ ਹਾਂ ਅਤੇ ਫਿਰ ਆਪਣੇ ਕੰਮ ਨੂੰ ਉਸੇ ਅਨੁਸਾਰ ਕਰਨਾ ਹੈ।

*ਬਾਹਰਲਿਆਂ ਨੂੰ ਪ੍ਰਭਾਵਿਤ ਕਰੋ* (4:12)। ਆਪਣੇ ਕੰਮ ਧੰਦੇ ਵਿੱਚ ਚੰਗੇ ਢੰਗ ਨਾਲ ਚੁੱਪ ਚਾਪ ਪਰਮੇਸ਼ੁਰ ਦੇ ਕੰਮ ਕਰਨ ਦੇ ਕੀ ਨਤੀਜੇ ਹਨ? 4:12 ਵਿੱਚ ਦੋ ਨਤੀਜਿਆਂ ਦਾ ਜ਼ਿਕਰ ਕੀਤਾ ਗਿਆ ਹੈ: ਜਿਹੜੇ ਕਲੀਸੀਆ ਵਿੱਚੋਂ ਬਾਹਰ ਹਨ ਉਨ੍ਹਾਂ ਉੱਤੇ ਪ੍ਰਭਾਵ ਅਤੇ ਤੁਹਾਡੀਆਂ ਜ਼ਰੂਰਤਾਂ ਉੱਤੇ ਪ੍ਰਭਾਵ।

ਬਾਹਰਲੇ ਕਲੀਸੀਆ ਬਾਰੇ ਕੀ ਸੋਚਦੇ ਹਨ? ਥੱਸਲੁਨੀਕੇ ਵਿੱਚ ਕੁਝ ਲੋਕ ਖੁਸ਼ਖ਼ਬਰੀ ਦੇ ਪ੍ਰਚਾਰ ਅਤੇ ਜਿਹੜੇ ਉਸ ਸੰਦੇਸ਼ ਦਾ ਪਾਲਣ ਕਰਦੇ ਸਨ ਉਨ੍ਹਾਂ ਦੇ ਵਿਰੋਧ ਵਿੱਚ ਸਨ। ਰਸੂਲਾਂ ਦੇ ਕਰਤੱਬ 17 ਅਧਿਆਇ ਖੁਸ਼ਖ਼ਬਰੀ ਪ੍ਰਚਾਰਕਾਂ ਅਤੇ ਜਿਹੜੇ ਉਸ ਸੰਦੇਸ਼ ਨੂੰ ਮੰਨਦੇ ਸਨ ਉਨ੍ਹਾਂ ਨੂੰ ਸਤਾਉਣ ਬਾਰੇ ਕੁਝ ਯਹੂਦੀ ਲੋਕਾਂ ਦੇ ਜੋਸ਼ ਦਾ ਵਰਣਨ ਕਰਦਾ ਹੈ। ਬਾਹਰਲਿਆਂ ਦੀ ਕਲੀਸੀਆ ਦੇ ਪ੍ਰਤੀ ਕਿਵੇਂ ਦੀ ਪ੍ਰਤੀਕ੍ਰਿਆ ਹੋਵੇਗੀ? ਕੀ ਉਹ ਇਸ ਨੂੰ ਪਸੰਦ ਕਰਨਗੇ ਜਾਂ ਇਸ ਨੂੰ ਨਫਰਤ ਕਰਨਗੇ? ਇਹ ਉਨ੍ਹਾਂ ਤੇ ਨਿਰਭਰ ਕਰਦਾ ਹੈ। ਪਰਮੇਸ਼ੁਰ ਨੂੰ ਬਸ ਇਸ ਗੱਲ ਦੀ ਚਿੰਤਾ ਹੈ ਕਿ ਮਸੀਹੀ ਹੋਣ ਦੇ ਨਾਤੇ ਅਸੀਂ ਆਪਣੇ

ਗੁਆਂਢੀਆਂ ਦੀਆਂ ਨਜ਼ਰਾਂ ਵਿੱਚ ਕਿਵੇਂ ਦਾ ਵਿਹਾਰ ਕਰਦੇ ਹਾਂ। ਸਗੋਂ ਸਤਾਅ ਦੇ ਸਮਿਆਂ ਦੌਰਾਨ ਵੀ, ਥੱਸਲੁਨੀਕੇ ਵਿੱਚ ਮਸੀਹੀ ਲੋਕਾਂ ਨੇ ਚੰਗਾ ਵਿਹਾਰ ਕਰਨਾ ਸੀ। ਖਿੰਡੇ ਹੋਏ ਮਸੀਹੀ ਲੋਕਾਂ ਨੂੰ ਕਿਹਾ ਗਿਆ ਸੀ, "ਪਰਾਈਆਂ ਕੌਮਾਂ ਵਿੱਚ ਆਪਣੀ ਚਾਲ ਨੇਕ ਰੱਖੋ ਭਈ ਜਿਸ ਗੱਲ ਵਿੱਚ ਓਹ ਤੁਹਾਨੂੰ ਬੁਰਿਆਰ ਜਾਣ ਕੇ ਤੁਹਾਡੇ ਵਿਰੁੱਧ ਬੋਲਦੇ ਹਨ ਓਹ ਤੁਹਾਡੇ ਸ਼ੁਭ ਕਰਮਾਂ ਦੇ ਕਾਰਨ ਜਿਹੜੇ ਵੇਖਦੇ ਹਨ ਓਸ ਦਿਨ ਜਦ ਉਨ੍ਹਾਂ ਉੱਤੇ ਦਯਾ ਦਰਿਸ਼ਟੀ ਹੋਵੇ ਪਰਮੇਸ਼ੁਰ ਦੀ ਵਡਿਆਈ ਕਰਨ" (1 ਪਤਰਸ 2:12)।

ਮਸੀਹ ਤੋਂ ਬਾਹਰਲਿਆਂ ਨਾਲ ਸੰਪਰਕ ਬਣਾਉਣ ਲਈ ਨਾ ਸਿਰਫ ਬੁਰਿਆਈ ਤੋਂ ਬਚਣਾ ਜ਼ਰੂਰੀ ਹੈ, ਪਰ ਉਨ੍ਹਾਂ ਨੂੰ ਸਾਡੇ ਜੀਵਨਾਂ ਵਿੱਚ ਅੱਛਾਈ ਨੂੰ ਵੀ ਵੇਖਣ ਦੇਣਾ ਹੈ। "ਤੁਸੀਂ ਸਮੇਂ ਨੂੰ ਲਾਹਾ ਜਾਣ ਕੇ ਬਾਹਰਲਿਆਂ ਦੇ ਅੱਗੇ ਹੋਸ਼ ਨਾਲ ਚੱਲੋ" (ਕੁਲੁੱਸੀਆਂ 4:5)। ਪਰਮੇਸ਼ੁਰ ਗੈਰ-ਮਸੀਹੀ ਲੋਕਾਂ ਨਾਲ ਸਾਡੇ ਸੰਬੰਧ ਨੂੰ ਪਰਮੇਸ਼ੁਰ ਦਾ ਰਾਹ ਵਿਖਾਉਣ ਲਈ ਇੱਕ ਬਹੁਮੁੱਲੇ ਮੌਕੇ ਦੇ ਰੂਪ ਵਿੱਚ ਵੇਖਦਾ ਹੈ। ਉਹ ਇਸ ਤੇ ਕੀ ਪ੍ਰਤੀਕ੍ਰਿਆ ਕਰਦੇ ਹਨ ਉਨ੍ਹਾਂ ਤੇ ਨਿਰਭਰ ਕਰਦਾ ਹੈ। ਅਸੀਂ ਉਨ੍ਹਾਂ ਦੀਆਂ ਪ੍ਰਤੀਕ੍ਰਿਆਵਾਂ ਦੇ ਲਈ ਜ਼ਿੰਮੇਵਾਰ ਨਹੀਂ ਹਾਂ, ਪਰ ਸਾਡੇ ਕੋਲ ਉਨ੍ਹਾਂ ਨੂੰ ਆਪਣੇ ਜੀਵਨਾਂ ਨਾਲ ਸਿੱਖਿਆ ਦੇਣ ਦਾ ਮੌਕਾ ਹੈ ਅਤੇ ਉਨ੍ਹਾਂ ਕੋਲ ਉਹ ਸਿੱਖਣ ਦਾ ਸੰਭਾਵਤ ਮੌਕਾ ਹੈ ਜੋ ਪਰਮੇਸ਼ੁਰ ਉਨ੍ਹਾਂ ਦੇ ਜੀਵਨਾਂ ਵਿੱਚ ਚਾਹੁੰਦਾ ਹੈ। ਅਸੀਂ ਉਨ੍ਹਾਂ ਨੂੰ ਪਰਮੇਸ਼ੁਰ ਦੇ ਵਚਨ ਨੂੰ ਕੰਮ ਕਰਦਿਆਂ ਵੇਖਣ ਦਾ ਪਹਿਲਾ ਅਤੇ ਇਕਮਾਤਰ ਮੌਕਾ ਪ੍ਰਦਾਨ ਕਰ ਸਕਦੇ ਹਾਂ!

ਜਦੋਂ ਮਸੀਹੀ ਹੋਣ ਦੇ ਨਾਤੇ ਅਸੀਂ ਉਨ੍ਹਾਂ ਵਿਚਾਲੇ ਪਰਮੇਸ਼ੁਰ ਦੇ ਰਾਹ ਤੇ ਚੱਲਦੇ ਹਾਂ ਜਿਹੜੇ ਪਰਮੇਸ਼ੁਰ ਅਤੇ ਉਸ ਦੇ ਸੰਦੇਸ਼ ਨੂੰ ਨਹੀਂ ਜਾਣਦੇ, ਬਾਹਰਲੇ ਸਾਡੇ ਕੰਮਾਂ ਲਈ ਕਾਰਣਾਂ ਬਾਰੇ ਹੈਰਾਨ ਹੋਣਗੇ। ਇਹ ਉਨ੍ਹਾਂ ਨੂੰ ਇਹ ਦੱਸਣ ਦਾ ਇੱਕ ਬਹੁਤ ਹੀ ਵਧੀਆ ਮੌਕਾ ਹੈ ਕਿ ਅਸੀਂ ਉਹੋ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਜੋ ਪਰਮੇਸ਼ੁਰ ਚਾਹੁੰਦਾ ਹੈ। ਸਾਨੂੰ ਇਹ ਕਹਿਣ ਲਈ ਕਿ "ਇਹੋ ਮੇਰੀ ਮਾਂ ਨੇ ਮੈਨੂੰ ਸਿਖਾਇਆ ਹੈ," ਜਾਂ "ਮੈਂ ਸੋਚਦਾ ਹਾਂ ਇਹੋ ਸਹੀ ਹੈ" ਪਰਤਾਵੇ ਦਾ ਸਾਹਮਣਾ ਕਰਨਾ ਚਾਹੀਦਾ ਹੈ। ਜਦ ਕਿ ਇਹ ਗੱਲਾਂ ਸੱਚ ਹੋ ਸਕਦੀਆਂ ਹਨ, ਉਹ ਪਰਮੇਸ਼ੁਰ ਨੂੰ ਮਹਿਮਾ ਨਹੀਂ ਦਿੰਦੀਆਂ। ਬਜਾਇ ਇਸ ਦੇ, ਉਹ ਸਾਡੇ ਤੇ ਆਪਣਾ ਧਿਆਨ ਕੇਂਦਰਿਤ ਕਰਦੀਆਂ ਹਨ। ਸਾਡੇ ਕੁਝ ਵੀ ਕਰਨ ਦਾ ਕਾਰਣ ਇਹ ਹੋਣਾ ਚਾਹੀਦਾ ਹੈ ਕਿ ਪਰਮੇਸ਼ੁਰ ਇਹੋ ਚਾਹੁੰਦਾ ਹੈ। ਤਾਂ ਫਿਰ ਸਾਡੇ ਲਈ ਉਹ ਜਵਾਬ ਦੇਣਾ ਬਿਹਤਰ ਹੈ ਜਿਹੜਾ ਪਰਮੇਸ਼ੁਰ ਨੂੰ ਮਾਨਤਾ ਅਤੇ ਆਦਰ ਦਿੰਦਾ ਹੈ। ਸ਼ਾਇਦ ਅਸੀਂ ਕਹਿ ਸਕਦੇ ਹਾਂ, "ਪਰਮੇਸ਼ੁਰ ਇਹੋ ਚਾਹੁੰਦਾ ਹੈ"; "ਪਰਮੇਸ਼ੁਰ ਦਾ ਵਚਨ ਕਹਿੰਦਾ ਹੈ ਕਿ ਇਸ ਕੰਮ ਨੂੰ ਕਰਨ ਦਾ ਸਭ ਤੋਂ ਵਧੀਆ ਤਰੀਕਾ ਇਹੋ ਹੈ"; ਜਾਂ "ਪਰਮੇਸ਼ੁਰ ਜਾਣਦਾ ਹੈ ਕਿ ਇਸ ਤਰੀਕੇ ਨਾਲ ਜੀਉਣਾ ਸਭ ਤੋਂ ਵੱਧ ਫਾਇਦੇ ਲੈ ਕੇ ਆਉਂਦਾ ਹੈ।"

12 ਆਇਤ ਵਿੱਚ ਆਪਣੇ ਕੰਮ ਨੂੰ ਵਧੀਆ ਢੰਗ ਨਾਲ ਕਰਨ ਦਾ ਦੂਜਾ ਕਾਰਣ ਇਹ ਹੈ ਕਿ ਅਸੀਂ ਅਰਥੀਏ ਨਹੀਂ ਹੋਵਾਂਗੇ ਜਾਂ ਸਾਨੂੰ ਕਿਸੇ ਚੀਜ਼ ਦੀ ਥੁੜ ਨਹੀਂ ਹੋਵੇਗੀ। ਪਰਮੇਸ਼ੁਰ ਸਾਡੇ ਕੋਲ ਜੋ ਕੁਝ ਵੀ ਕਰਵਾਉਣਾ ਚਾਹੇਗਾ ਉਸ ਦੇ ਬਹੁਤ ਸਾਰੇ ਫਾਇਦੇ ਹੋਣਗੇ। ਕੰਮ ਨਾ ਸਿਰਫ ਬਾਹਰਲਿਆਂ ਤੇ ਇੱਕ ਚੰਗਾ ਪ੍ਰਭਾਵ ਪਾ ਸਕਦਾ ਹੈ, ਪਰ ਇਹ ਸਾਡੀਆਂ ਰੋਜ਼ ਦੀਆਂ ਜ਼ਰੂਰਤਾਂ ਵੀ ਪੂਰੀਆਂ ਕਰ ਸਕਦਾ ਹੈ। ਅਫ਼ਸੁਸ ਦੇ ਮਸੀਹੀ ਲੋਕਾਂ ਨੂੰ ਕਿਹਾ ਗਿਆ ਸੀ, "ਚੋਰੀ ਕਰਨ ਵਾਲਾ ਅਗਾਹਾਂ ਨੂੰ ਚੋਰੀ ਨਾ ਕਰੇ ਸਗੋਂ ਆਪਣੇ ਹੱਥੀਂ ਮਿਹਨਤ ਕਰ ਕੇ ਭਲਾ ਕੰਮ ਕਰੇ ਭਈ ਜਿਹ ਨੂੰ ਲੋੜ ਹੈ ਉਹ ਨੂੰ ਵੰਡ ਦੇਣ ਲਈ ਕੁਝ ਉਹ

ਦੇ ਕੋਲ ਹੋਵੇ" (ਅਫ਼ਸੀਆਂ 4:28)। ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਅਤੇ ਦੂਜਿਆਂ ਨਾਲ ਸਾਂਝਾ ਕਰਨ ਲਈ ਕੰਮ ਕਰਨਾ ਹਰੇਕ ਮਸੀਹੀ ਜੀਵਨ ਦਾ ਹਿੱਸਾ ਹੋਣਾ ਚਾਹੀਦਾ ਹੈ।

ਅੱਜ ਕੱਲ੍ਹ, ਸਰਕਾਰਾਂ ਕੋਲ ਅਕਸਰ ਜ਼ਰੂਰਤਮੰਦ ਲੋਕਾਂ ਦਾ ਖਿਆਲ ਰੱਖਣ ਲਈ ਕਈ ਤਰ੍ਹਾਂ ਦੇ ਭਲਾਈ ਕਾਰਜਕ੍ਰਮ ਹੁੰਦੇ ਹਨ। ਇਨ੍ਹਾਂ ਕਾਰਜਕ੍ਰਮਾਂ ਨਾਲ ਬਹੁਤ ਸਾਰੇ ਲੋਕਾਂ ਦੀ ਮਦਦ ਹੋਈ ਹੈ, ਪਰ ਇਨ੍ਹਾਂ ਫਾਇਦਿਆਂ ਦਾ ਲਾਭ ਉਠਾਉਣਾ ਗਲਤ ਹੁੰਦਾ ਹੈ ਜਦੋਂ ਅਸੀਂ ਆਪਣੇ ਆਪ ਦੀ ਮਦਦ ਕਰਨ ਕਈ ਖੁਦ ਕੰਮ ਕਰ ਸਕਦੇ ਹਾਂ। ਅਸੀਂ ਮਸੀਹੀ ਲੋਕਾਂ ਵਿੱਚ ਕੰਮ ਕਰਨ ਦੀ ਇੱਛਾ ਨੂੰ ਕਿਵੇਂ ਵਿਕਸਤ ਕਰ ਸਕਦੇ ਹਾਂ? ਅਸੀਂ ਆਪਣੇ ਬੱਚਿਆਂ ਤੋਂ ਸ਼ੁਰੂਆਤ ਕਰ ਸਕਦੇ ਹਾਂ, ਉਨ੍ਹਾਂ ਨੂੰ ਜਦ ਕਦੀ ਵੀ ਹੋ ਸਕੇ ਮਦਦ ਕਰਨ ਦੇ ਲਈ ਪ੍ਰੇਰਿਤ ਕਰਨ ਦੇ ਦੁਆਰਾ ਉਨ੍ਹਾਂ ਸਾਹਮਣੇ ਇੱਕ ਚੰਗਾ ਨਮੂਨਾ ਰੱਖ ਸਕਦੇ ਹਾਂ, ਉਨ੍ਹਾਂ ਨੂੰ ਜ਼ਿੰਮੇਵਾਰੀਆਂ ਦੇ ਸਕਦੇ ਹਾਂ ਜੋ ਉਹ ਪੂਰੀਆਂ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਉਹ ਜ਼ਿੰਮੇਵਾਰੀਆਂ ਬਾਰੇ ਸਿਖਾ ਸਕਦੇ ਹਾਂ ਜੋ ਉਨ੍ਹਾਂ ਨੂੰ ਮਿਲਣਗੀਆਂ ਜਦੋਂ ਉਹ ਬਾਲਗ ਹੋ ਜਾਣਗੇ। ਉਨ੍ਹਾਂ ਨੂੰ ਕੁਝ ਕਰਨ ਲਈ ਮਜ਼ਬੂਰ ਕਰਨ ਦੀ ਬਜਾਇ ਅਸੀਂ ਉਨ੍ਹਾਂ ਨੂੰ ਕੰਮ ਨੂੰ ਉਨ੍ਹਾਂ ਦੇ ਆਪਣੇ ਆਪ ਦੇ ਲਈ ਅਤੇ ਦੂਜਿਆਂ ਦੇ ਲਈ ਪਰਮੇਸ਼ੁਰ ਦੇ ਦਿੱਤੇ, ਮਨਭਾਉਂਦੇ ਅਤੇ ਫਇਦੇਮੰਦ ਕੰਮ ਵਜੋਂ ਵੇਖਣ ਵਿੱਚ ਮਦਦ ਕਰ ਸਕਦੇ ਹਾਂ।

ਜਿਹੜੇ ਮਸੀਹੀ ਲੋਕ ਆਲਸੀ ਹਨ-ਜਿਹੜੇ ਆਪਣੇ ਪਰਿਵਾਰਾਂ ਦੀ ਦੇਖਭਾਲ ਕਰਨ ਦੀ ਕੋਸ਼ਿਸ਼ ਨਹੀਂ ਕਰਦੇ ਅਤੇ ਕੰਮ ਕਰਨਾ ਪਸੰਦ ਨਹੀਂ ਕਰਦੇ-ਪਰਮੇਸ਼ੁਰ ਦੇ ਸੁਭਾਅ ਤੇ ਬੁਰੇ ਅਕਸ ਹਨ। ਇਸ ਦੀ ਤੁਲਨਾ ਵਿੱਚ ਉਹ ਮਸੀਹੀ ਲੋਕ ਜਿਹੜੇ ਕੰਮ ਕਰ ਰਹੇ ਹਨ, ਆਪਣੀਆਂ ਖੁਦ ਦੀਆਂ ਜ਼ਰੂਰਤਾਂ ਨੂੰ ਪੂਰਾ ਕਰ ਰਹੇ ਹਨ ਅਤੇ ਦੂਜਿਆਂ ਦੀ ਮਦਦ ਕਰ ਰਹੇ ਹਨ ਆਪਣੇ ਆਲੇ-ਦੁਆਲੇ ਦੀ ਦੁਨੀਆ ਤੇ ਇੱਕ ਵੱਡਾ ਪ੍ਰਭਾਵ ਹਨ। ਇਹੋ ਜਿਹਾ ਵਿਹਾਰ ਕਰਕੇ, ਉਹ ਦੂਜਿਆਂ ਨੂੰ ਇਹ ਵਿਖਾਉਂਦੇ ਹਨ ਕਿ ਪਰਮੇਸ਼ੁਰ ਅਤੇ ਉਸ ਦੇ ਲੋਕ ਕਿਸ ਤਰ੍ਹਾਂ ਦੇ ਹਨ ਅਤੇ ਇਸ ਦੇ ਨਾਲ-ਨਾਲ ਉਹ ਆਪਣੇ ਆਲੇ-ਦੁਆਲੇ ਦੇ ਲੋਕਾਂ ਦੀ ਦੇਖਭਾਲ ਕਰਕੇ ਸਮਾਜ ਦੇ ਲਈ ਇੱਕ ਵੱਡਾ ਲਾਭ ਵੀ ਹੁੰਦੇ ਹਨ। ਮਸੀਹੀ ਲੋਕਾਂ ਨੇ ਬਹੁਤ ਸਾਰੇ ਲੋਕਾਂ ਦੇ ਲਾਭ ਲਈ ਪਰਮੇਸ਼ੁਰ ਦੀ ਦੁਨੀਆ ਵਿੱਚ ਪਰਮੇਸ਼ੁਰ ਦੇ ਕਾਮੇ ਬਣਨਾ ਹੈ।

*ਸਿੱਟਾ।* ਜੋਸ਼ ਨਾਲ ਪ੍ਰੇਮ ਕਰਨ ਵਿੱਚ ਹੋਰ ਵੀ ਜ਼ਿਆਦਾ "ਵਧਣ" ਲਈ ਅਸੀਂ ਇਨ੍ਹਾਂ ਆਇਤਾਂ ਵਿੱਚ ਦਿੱਤੇ ਨਿਰਦੇਸ਼ ਤੋਂ ਲਾਭ ਉਠਾ ਸਕਦੇ ਹਾਂ। ਪ੍ਰੇਮ ਰਾਹੀਂ, ਅਸੀਂ ਆਪਣੇ ਭਾਈਆਂ ਦੇ ਲਈ ਸੰਭਵ ਤੌਰ ਤੇ ਸਭ ਤੋਂ ਉੱਤਮ ਪ੍ਰੇਰਣਾ ਬਣ ਸਕਦੇ ਹਾਂ। ਚੁੱਪ ਚਾਪ ਕੰਮ ਕਰਨ ਰਾਹੀਂ, ਅਸੀਂ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕਦੇ ਹਾਂ ਅਤੇ ਉਨ੍ਹਾਂ ਲਈ ਸੰਭਵ ਤੌਰ ਤੇ ਸਭ ਤੋਂ ਉੱਤਮ ਪ੍ਰਭਾਵ ਬਣ ਸਕਦੇ ਹਾਂ ਜਿਹੜੇ ਪਰਮੇਸ਼ੁਰ ਦੇ ਘਰਾਣੇ ਵਿੱਚੋਂ ਬਾਹਰ ਹਨ। TP

**ਕੰਮ ਕਰਨ ਵਾਲੀ ਥਾਂ ਤੇ ਰੋਜ਼ਮੱਰਾ ਦਾ ਜੀਉਣਾ (4:9-12)**

ਪੌਲੁਸ ਹਮੇਸ਼ਾ ਉਸ ਨੂੰ ਸੰਬੋਧਿਤ ਕਰਨ ਵਿੱਚ ਨਿਸ਼ਚਤ ਸੀ ਜਿਸ ਦੀ ਉਸ ਦੇ ਪਾਠਕਾਂ ਨੂੰ ਲੋੜ ਸੀ। ਥੱਸਲੁਨੀਕੇ ਦੇ ਲੋਕ ਜਿਸ ਪਿਛੋਕੜ ਵਿੱਚੋਂ ਆਉਂਦੇ ਸਨ ਉਸ ਦੇ ਕਾਰਨ ਉਨ੍ਹਾਂ ਦੀਆਂ ਕੁਝ ਵਿਸ਼ੇਸ਼ ਸਮੱਸਿਆਵਾਂ ਸਨ, ਇਸ ਲਈ ਪੌਲੁਸ ਨੇ ਇਸ ਬੰਦ ਵਿੱਚ ਉਨ੍ਹਾਂ ਸਮੱਸਿਆਵਾਂ ਦਾ ਵਰਣਨ ਕੀਤਾ ਹੈ।

ਥੱਸਲੁਨੀਕੀਆਂ ਨੂੰ ਇਹ ਵਿਸ਼ਵਾਸ ਹੋ ਗਿਆ ਕਿ ਮਸੀਹ ਉਨ੍ਹਾਂ ਦੇ ਜੀਉਂਦੇ ਜੀ ਵਾਪਸ

ਆ ਰਿਹਾ ਹੈ। ਉਨ੍ਹਾਂ ਨੇ ਸੰਭਵ ਤੌਰ ਤੇ ਉਨ੍ਹਾਂ ਸਿੱਖਿਆਵਾਂ ਨੂੰ ਗਲਤ ਸਮਝ ਲਿਆ ਸੀ ਜੋ ਉਨ੍ਹਾਂ ਨੇ ਮਸੀਹ ਦੇ ਦੁਬਾਰਾ ਆਉਣ ਬਾਰੇ ਸੁਣੀਆਂ ਸਨ। ਇਸ ਉਲਝਣ ਦੇ ਕਾਰਣ, ਉਨ੍ਹਾਂ ਵਿੱਚੋਂ ਕੁਝ ਆਪਣੇ ਹਰ ਰੋਜ਼ ਦੇ ਕੰਮ ਵਿੱਚ ਢਿੱਲੇ ਪੈ ਗਏ ਸਨ, ਆਲਸੀ ਬਣ ਗਏ ਸਨ ਅਤੇ ਆਪਣੀਆਂ ਨਿੱਜੀ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਲਈ ਦੂਜੇ ਮਸੀਹੀ ਲੋਕਾਂ ਤੇ ਨਿਰਭਰ ਸਨ। ਜਦੋਂ ਪੌਲੁਸ ਨੇ ਰੋਜ਼ਾਨਾ ਦੇ ਜੀਉਣ ਦੇ ਸਵਾਲ ਨੂੰ ਸੰਬੋਧਿਤ ਕੀਤਾ, ਉਸ ਨੇ ਕੰਮ ਕਰਨ ਵਾਲੀ ਥਾਂ ਲਈ ਉਨ੍ਹਾਂ ਨੂੰ ਨਿਰਦੇਸ਼ ਵੀ ਦਿੱਤੇ।

*ਉਨ੍ਹਾਂ ਨੇ ਇੱਕ ਦੂਜੇ ਨੂੰ ਪ੍ਰੇਮ ਕਰਨਾ ਸੀ।* ਇਹ ਹੁਕਮ ਪੌਲੁਸ ਦੀਆਂ ਸਾਰੀਆਂ ਪੱਤ੍ਰੀਆਂ ਵਿੱਚ ਮਿਲਦਾ ਹੈ ਅਤੇ ਸਹੀ ਵੀ ਹੈ ਕਿਉਂਕਿ ਇਹ ਮਸੀਹ ਦੀ ਪ੍ਰਮੁੱਖ ਸਿੱਖਿਆ ਸੀ। ਇੱਕੋ ਪਿਤਾ ਦੇ ਬੱਚਿਆਂ ਨੂੰ ਇੱਕ ਦੂਜੇ ਨੂੰ ਪ੍ਰੇਮ ਕਰਨਾ ਚਾਹੀਦਾ ਹੈ। ਇਹ ਜ਼ਿੰਮੇਵਾਰੀ ਹਰ ਮਸੀਹੀ ਦੁਆਰਾ ਸਮਝੀ ਜਾਂਦੀ ਹੈ ਕਿਉਂਕਿ ਪਰਮੇਸ਼ੁਰ ਨੇ ਆਰੰਭ ਤੋਂ ਹੀ ਇਹ ਸਿਖਾਇਆ ਹੈ। ਇਹ ਚੇਲੇਪਣ ਦੀ ਇੱਕ ਨਿਸ਼ਾਨੀ ਸੀ (ਯੂਹੰਨਾ 13:35)। ਕਲੀਸੀਆ ਦੀ ਉੱਨਤੀ ਲਈ ਇਸ ਹੁਕਮ ਦਾ ਪਾਲਣ ਕਰਨਾ ਜ਼ਰੂਰੀ ਹੈ (ਅਫ਼ਸੀਆਂ 4:16)। ਉਹ ਪਹਿਲਾਂ ਤੋਂ ਹੀ ਪ੍ਰੇਮ ਦੇ ਨਮੂਨੇ ਸਨ, ਪਰ ਪੌਲੁਸ ਉਨ੍ਹਾਂ ਨੂੰ ਇਸ ਵਿੱਚ ਵੱਧ ਤੋਂ ਵੱਧ ਭਰਪੂਰ ਹੋਣ ਦੇ ਲਈ ਉਤਸ਼ਾਹਿਤ ਕਰ ਰਿਹਾ ਸੀ।

*ਉਨ੍ਹਾਂ ਨੇ ਸ਼ਾਂਤ, ਅਨੁਸ਼ਾਸਿਤ ਜੀਵਨ ਜੀਉਣਾ ਸੀ।* ਅਰਥਾਤ ਇਹ ਕਿ ਉਨ੍ਹਾਂ ਨੇ ਪਰਮੇਸ਼ੁਰ ਵਿੱਚ ਅਰਾਮ ਪਾਉਣਾ ਸੀ ਅਤੇ ਦੁਨੀਆ ਦੀਆਂ ਚਿੰਤਾਵਾਂ ਤੋਂ ਉਤੇਜਿਤ ਨਹੀਂ ਹੋਣਾ ਸੀ ਅਤੇ ਆਪਣੇ ਕੰਮ ਨਾਲ ਕੰਮ ਰੱਖਣਾ ਸੀ। ਉਨ੍ਹਾਂ ਨੇ ਆਲਸੀਪਣ ਤੋਂ ਪਰਹੇਜ਼ ਕਰਕੇ ਅਤੇ ਉਨ੍ਹਾਂ ਕੰਮਾਂ ਵਿੱਚ ਉੱਦਮੀ ਬਣ ਕੇ ਜੋ ਉਹ ਕਰ ਰਹੇ ਸਨ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿੱਚ ਵਫ਼ਾਦਾਰ ਬਣਨਾ ਸੀ। ਵਫ਼ਾਦਾਰ ਮਸੀਹੀ ਆਲਸੀਪਣ ਦੇ ਰਵੱਈਏ ਤੋਂ ਪਰਹੇਜ਼ ਕਰਦਾ ਹੈ। ਇਹ ਚਿਤਾਵਨੀ ਪੁਸਤਕ ਵਿੱਚ ਪਹਿਲਾ ਸੰਕੇਤ ਹੈ ਕਿ ਕੁਝ ਲੋਕ ਪ੍ਰਭੂ ਦੇ ਇੰਨਾ ਜ਼ਿਆਦਾ ਛੇਤੀ ਆਉਣ ਦੀ ਉਡੀਕ ਕਰ ਰਹੇ ਸਨ ਉਨ੍ਹਾਂ ਨੇ ਮਸੀਹ ਦੀ ਉਡੀਕ ਕਰਨ ਲਈ ਆਪਣੀ ਰੋਜ਼ੀ ਰੋਟੀ ਕਮਾਉਣੀ ਛੱਡ ਦਿੱਤੀ ਸੀ।

*ਉਨ੍ਹਾਂ ਨੇ ਉਨ੍ਹਾਂ ਲੋਕਾਂ ਦੇ ਲਈ ਨਮੂਨੇ ਵਾਲੇ ਜੀਵਨ ਜੀਉਣੇ ਸਨ ਜਿਹੜੇ ਮਸੀਹ ਤੋਂ ਬਾਹਰ ਸਨ।* ਮਸੀਹੀ ਵਿਅਕਤੀ ਨੂੰ ਆਪਣੇ ਆਪ ਨੂੰ ਬਾਕੀ ਦੁਨੀਆ ਤੋਂ ਵੱਖਰਾ ਨਹੀਂ ਵੇਖਣਾ ਚਾਹੀਦਾ। ਗੈਰ-ਮਸੀਹੀ ਲੋਕਾਂ ਨੂੰ ਅਸਾਨੀ ਨਾਲ ਇਹ ਵੇਖਣ ਯੋਗ ਹੋਣਾ ਚਾਹੀਦਾ ਹੈ ਕਿ ਮਸੀਹੀ ਵਿਅਕਤੀ ਸਾਰਿਆਂ ਦੇ ਸਾਹਮਣੇ ਆਦਰਯੋਗ ਜੀਵਨ ਜੀਉਂਦਾ ਹੈ।

ਇਹ ਚਿਤਾਵਨੀਆਂ ਕੰਮ ਕਰਨ ਵਾਲੀ ਥਾਂ ਤੇ ਉਨ੍ਹਾਂ ਦੇ ਚਾਲ-ਚਲਣ ਨਾਲ ਸੰਬੰਧਿਤ ਸਨ। ਉਨ੍ਹਾਂ ਨੇ ਇੱਕ ਦੂਜੇ ਨਾਲ ਖਾਸ ਪ੍ਰੇਮ ਕਰਨਾ ਸੀ, ਆਪਣੇ-ਆਪਣੇ ਕੰਮ ਨਾਲ ਵਾਸਤਾ ਰੱਖਣਾ ਸੀ ਅਤੇ ਆਪਣੀਆਂ ਵਿਅਕਤੀਗਤ ਜ਼ਿੰਮੇਵਾਰੀਆਂ ਨੂੰ ਪੂਰਾ ਕਰਨਾ ਸੀ ਜਿਵੇਂ ਕਿ ਆਪਣੇ ਪਰਿਵਾਰਾਂ ਦੇ ਲਈ ਸਾਰੀਆਂ ਚੀਜ਼ਾਂ ਮੁਹੱਈਆ ਕਰਨਾ ਆਦਿ। ਇਸ ਤੋਂ ਇਲਾਵਾ, ਉਨ੍ਹਾਂ ਨੇ ਉਨ੍ਹਾਂ ਲੋਕਾਂ ਦੇ ਲਈ ਆਦਰਯੋਗ ਜੀਵਨ ਜੀਉਣਾ ਸੀ ਜਿਹੜੇ ਮਸੀਹੀ ਨਹੀਂ ਸਨ। ਤੁਸੀਂ ਇਸ ਜੀਵਨਸ਼ੈਲੀ ਨੂੰ "ਕੰਮ ਕਰਨ ਵਾਲੀ ਥਾਂ ਤੇ ਮਸੀਹੀਆਂ ਦਾ ਜੀਉਣਾ" ਕਹਿ ਸਕਦੇ ਹੋ। EC

### ਦੂਜੀ ਆਮਦ (4:13-18)

ਕੁਝ ਲੋਕ ਮਸੀਹ ਦੇ ਦੁਬਾਰਾ ਆਉਣ ਦੇ ਸਮੇਂ ਬਾਰੇ ਭਵਿੱਖਬਾਣੀ ਕਰਨ ਦੀ ਕੋਸ਼ਿਸ਼

ਕਰ ਚੁੱਕੇ ਹਨ। 1994 ਵਿੱਚ *ਚਾਰਲਸਟਨ ਡੇਲੀ ਮੇਲ* ਵਿੱਚ ਇਹ ਖ਼ਬਰ ਆਈ ਕਿ "ਪ੍ਰਚਾਰਕ ਦੁਨੀਆ ਦੇ ਅੰਤ ਬਾਰੇ ਭਵਿੱਖਬਾਣੀ ਕਰਨ ਵਿੱਚ ਗਲਤ ਸਾਬਤ ਹੋਇਆ ਹੈ।"[21] ਇਸ ਲੇਖ ਵਿੱਚ ਉਨ੍ਹਾਂ ਦਾਅਵਿਆਂ ਦਾ ਵਰਣਨ ਕੀਤਾ ਗਿਆ ਸੀ ਜੋ ਹਾਰੋਲਡ ਕੈਂਪਿੰਗ ਨਾਂਅ ਦੇ ਇੱਕ ਰੇਡੀਓ ਪ੍ਰਚਾਰਕ ਦੁਆਰਾ ਕੀਤੇ ਗਏ ਸਨ। ਉਸ ਨੇ ਕਿਹਾ ਸੀ ਕਿ 6 ਸਤੰਬਰ 1994 ਨੂੰ ਵੀਰਵਾਰ ਦੇ ਦਿਨ ਦੁਨੀਆ ਖਤਮ ਹੋ ਜਾਵੇਗੀ। 1843 ਅਤੇ 1844 ਵਿੱਚ ਵਿਲੀਅਮ ਮਿਲਰ ਨੇ ਦੂਜੀ ਆਮਦ ਦੀ ਤਾਰੀਖ ਨਿਰਧਾਰਤ ਕੀਤੀ ਸੀ। ਉਸ ਦੇ ਸ਼ਗਿਰਦਾਂ ਨੇ ਘੱਟੋ-ਘੱਟ ਛੇ ਵਾਰ ਦੁਨੀਆਂ ਦੇ ਖਤਮ ਹੋਣ ਦੀ ਭਵਿੱਖਬਾਣੀ ਕੀਤੀ ਸੀ ਅਤੇ ਹਰ ਵਾਰ ਉਹ ਗਲਤ ਸਾਬਤ ਹੋਏ ਸਨ !ਸਾਨੂੰ ਯਿਸੂ ਦੇ ਵਚਨਾਂ ਨੂੰ ਸੁਣਨਾ ਚਾਹੀਦਾ ਹੈ, "ਪਰ ਉਸ ਦਿਨ ਯਾ ਉਸ ਘੜੀ ਦੇ ਵਿਖੇ ਕੋਈ ਨਹੀਂ ਜਾਣਦਾ, ਨਾ ਸੁਰਗ ਦੇ ਦੂਤ, ਨਾ ਪੁੱਤ੍ਰ, ਪਰ ਕੇਵਲ ਪਿਤਾ" (ਮਰਕੁਸ 13:32)।

ਦੂਜੀ ਆਮਦ ਦੇ ਅਧਿਐਨ ਵਿੱਚ ਇਹ ਨਹੀਂ ਪੁੱਛਿਆ ਜਾਣਾ ਚਾਹੀਦਾ ਹੈ ਕਿ ਇਹ *ਕਦੋਂ* ਹੋਵੇਗੀ, ਪਰ *ਕੀ* ਹੋਵੇਗਾ ਜਦ ਕਦੀ ਵੀ ਉਹ ਆਵੇਗਾ। ਇਸ ਵਿਸ਼ੇ ਤੇ ਵਿਸਤਰਤ ਜਾਣਕਾਰੀ 1 ਥੱਸਲੁਨੀਕੀਆਂ 4:13–18 ਵਿੱਚ ਦਿੱਤੀ ਗਈ ਹੈ। ਪੌਲੁਸ ਆਮਦ ਬਾਰੇ ਕਲੀਸੀਆ ਨੂੰ ਜਾਣਕਾਰੀ ਦੇਣਾ ਚਾਹੁੰਦਾ ਸੀ, ਇਸ ਲਈ ਉਸ ਨੇ ਇਸ ਦਾ ਜਵਾਬ ਇਸ ਵੇਰਵੇ ਨਾਲ ਦਿੱਤਾ।

ਥੱਸਲੁਨੀਕੇ ਦੇ ਲੋਕ ਸਮਝ ਗਏ ਸਨ ਕਿ ਮਸੀਹ ਦਾ ਦੁਬਾਰਾ ਆਉਣਾ ਇੱਕ ਮਹਾਨ ਘਟਨਾ ਹੋਵੇਗੀ, ਪਰ ਇਹ ਕਦੋਂ ਹੋਵੇਗਾ ਇਸ ਦੇ ਬਾਰੇ ਉਨ੍ਹਾਂ ਨੂੰ ਗਲਤਫਹਿਮੀ ਸੀ। ਉਨ੍ਹਾਂ ਨੇ ਸੋਚਿਆ ਕਿ ਇਹ ਉਨ੍ਹਾਂ ਦੇ ਸਮੇਂ ਦੇ ਕਿਸੇ ਵੀ ਮਸੀਹੀ ਵਿਅਕਤੀ ਦੇ ਮਰਨ ਤੋਂ ਪਹਿਲਾਂ ਹੋਵੇਗੀ। ਉਨ੍ਹਾਂ ਦੇ ਕੁਝ ਅਜੀਜ਼ਾਂ ਦੇ ਮਰਨ ਤੋਂ ਬਾਅਦ, ਥੱਸਲੁਨੀਕੀਆਂ ਦੇ ਮਨ ਵਿੱਚ ਇਹ ਡਰ ਸੀ ਕਿ ਉਹ ਯਿਸੂ ਦੀ ਦੂਜੀ ਆਮਦ ਤੋਂ ਖੁੰਝ ਗਏ ਸਨ। ਇਸ ਲਈ, ਪੌਲੁਸ ਨੇ ਉਨ੍ਹਾਂ ਦੀ ਗਲਤਫਹਿਮੀ ਨੂੰ ਦੂਰ ਕੀਤਾ।

*ਮਸੀਹ ਦੇ ਆਉਣ ਤੇ, ਮਰੇ ਹੋਏ ਮਸੀਹੀ ਲੋਕਾਂ ਦੇ ਲਈ "ਆਸ" ਹੈ* (ਆਇਤਾਂ 13, 14)। ਸਭ ਤੋਂ ਪਹਿਲਾਂ, ਪੌਲੁਸ ਨੇ ਉਨ੍ਹਾਂ ਲੋਕਾਂ ਦੇ ਬਾਰੇ ਲਿਖਿਆ ਜਿਹੜੇ "ਸੁੱਤੇ ਪਏ" ਜਾਂ ਮਰ ਗਏ ਸਨ (ਆਇਤ 13)। ਉਸ ਨੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਕਿ "ਤੁਸੀਂ ਹੋਰਨਾਂ ਵਾਂਙੁ ਜਿਨ੍ਹਾਂ ਨੂੰ ਕੋਈ ਆਸ ਨਹੀਂ ਸੋਗ ਨਾ ਕਰੋ" (ਆਇਤ 13)। ਗੈਰ-ਮਸੀਹੀ ਲੋਕਾਂ ਨੂੰ ਮੌਤ ਤੋਂ ਬਾਅਦ ਕੋਈ ਆਸ ਨਹੀਂ ਸੀ। ਬਰੂਸ ਨੇ ਨਿਰਾਸ਼ਾ ਦੇ ਭਾਵ ਤੇ ਟਿੱਪਣੀ ਕੀਤੀ ਹੈ ਜੋ ਯੂਨਾਨੀ ਸਾਹਿਤ ਅਤੇ ਸ਼ਿਲਾਲੇਖਾਂ ਵਿੱਚ ਪਰਤੱਖ ਸੀ।[22] ਪੁਰਾਤਨ ਸਮਿਆਂ ਵਿੱਚ ਇੱਕ ਆਮ ਸਮਾਧੀ ਲੇਖ ਜੋ ਪੜ੍ਹਨ ਨੂੰ ਮਿਲਦਾ ਸੀ ਉਹ ਇਹ ਸੀ, "ਮੈਂ ਨਹੀਂ ਸਾਂ, ਮੈਂ ਬਣਿਆ, ਮੈਂ ਨਹੀਂ ਹਾਂ, ਮੈਨੂੰ ਕੋਈ ਪਰਵਾਹ ਨਹੀਂ ਹੈ।"[23] ਸਿਆਣੇ ਮਸੀਹੀ ਅਜਿਹੀ ਨਿਰਾਸ਼ਾ ਦਾ ਅਨੁਭਵ ਨਹੀਂ ਕਰਨਗੇ।

ਮਸੀਹੀ ਲੋਕ ਜਿਹੜੇ ਪਹਿਲਾਂ ਹੀ ਮਰ ਚੁੱਕੇ ਹਨ ਪਰਮੇਸ਼ੁਰ ਦੁਆਰਾ ਪ੍ਰਭਾਵਿਤ ਹੋਣਗੇ, ਜਿਹੜਾ ਉਨ੍ਹਾਂ ਨੂੰ "ਯਿਸੂ ਦੇ ਨਾਲ" ਲਿਆਵੇਗਾ (ਆਇਤ 14)। ਉਹ ਕਦੋਂ ਯਿਸੂ ਦੇ ਨਾਲ ਹੋਣਗੇ? ਕੁਝ ਲੋਕ ਮਸੀਹ ਦੇ ਆਉਣ ਤੋਂ ਪਹਿਲਾਂ "ਹਵਾ ਵਿੱਚ ਉਠਾਏ ਜਾਣ" ਵਿੱਚ ਵਿਸ਼ਵਾਸ ਕਰਦੇ ਹਨ। ਉਹ ਇਹ ਸਿੱਟਾ ਕੱਢਦੇ ਹਨ ਕਿ ਇਹ ਜੀ ਉੱਠੇ ਸੰਤ ਅੰਤ ਦੇ ਸਮੇਂ ਤੋਂ ਪਹਿਲਾਂ ਧਰਤੀ ਤੋਂ ਗੁਪਤ ਰੂਪ ਵਿੱਚ ਉਠਾ ਲਏ ਜਾਣਗੇ, ਤਾਂ ਜੋ ਉਹ ਜਦੋਂ ਯਿਸੂ ਦੁਬਾਰਾ ਧਰਤੀ ਉੱਤੇ ਆਵੇਗਾ ਤਾਂ ਉਸ ਦੇ ਨਾਲ ਵਾਪਸ ਆਉਣ।

ਪੌਲੁਸ ਦਾ ਜ਼ੋਰ ਇਸ ਗੱਲ ਤੇ ਹੈ ਕਿ ਥੱਸਲੁਨੀਕੇ ਦੇ ਲੋਕਾਂ ਨੂੰ ਆਪਣੇ ਉਨ੍ਹਾਂ ਅਜੀਜ਼ਾਂ

ਦੇ ਬਾਰੇ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ ਜਿਹੜੇ ਗੁਜਰ ਚੁੱਕੇ ਸਨ। ਜੇਕਰ ਉਹ ਵਫ਼ਾਦਾਰ ਮਸੀਹੀਆਂ ਵਜੋਂ ਮਰੇ ਸਨ, ਤਾਂ ਉਹ ਵੀ ਉਸੇ ਆਸ ਵਿੱਚ ਉਡੀਕ ਕਰਨਗੇ।

*ਜੀਉਂਦੇ ਸੰਤ ਮਰੇ ਹੋਏ ਸੰਤਾਂ ਤੋਂ ਪਹਿਲਾਂ ਨਹੀਂ ਆਉਣਗੇ* (ਆਇਤ 15)। ਕਈ ਲੋਕ ਮੌਤ ਤੋਂ ਬਾਅਦ ਹੋਣ ਵਾਲੀਆਂ ਬਹੁਤ ਸਾਰੀਆਂ ਗੱਲਾਂ ਨੂੰ ਸਮਝਣ ਦੀ ਕੋਸ਼ਿਸ਼ ਕਰ ਚੁੱਕੇ ਹਨ। ਅਕਸਰ ਨਾ ਤਾਂ ਗਿਆਨੀਆਂ ਕੋਲ ਅਤੇ ਨਾ ਹੀ ਭੂਤਾਂ ਦੀ ਵਿੱਦਿਆ ਰੱਖਣ ਵਾਲਿਆਂ ਕੋਲ ਮੌਤ ਤੋਂ ਬਾਅਦ ਦੇ ਜੀਵਨ ਦੀ ਕੋਈ ਵਿਆਖਿਆ ਹੁੰਦੀ ਹੈ। ਸਿਰਫ "ਪਰਮੇਸ਼ੁਰ ਦਾ ਵਚਨ" ਇਸ ਵਿਸ਼ੇ ਤੇ ਚਾਨਣ ਪਾਉਂਦਾ ਹੈ (ਆਇਤ 15)। ਜੇਕਰ ਅਸੀਂ ਆਪਣੇ ਅਜੀਜ਼ਾਂ ਬਾਰੇ ਜਾਣਨ ਦੀ ਇੱਛਾ ਰੱਖਦੇ ਹਾਂ, ਤਾਂ ਸਾਨੂੰ ਸਾਡੇ ਸਵਾਲਾਂ ਦੇ ਜਵਾਬ ਲਈ ਪਰਮੇਸ਼ੁਰ ਦੇ ਵਚਨ ਦੀ ਲੋੜ ਹੈ।

ਪੌਲੁਸ ਨੇ ਲਿਖਿਆ, "ਅਸੀਂ ਜਿਹੜੇ ਜੀਉਂਦੇ ਅਤੇ ਪ੍ਰਭੂ ਦੇ ਆਉਣ ਤੀਕ ਬਾਕੀ ਰਹਿੰਦੇ ਹਾਂ . . ." (ਆਇਤ 15)। ਕੀ "ਅਸੀਂ" ਤੋਂ ਪੌਲੁਸ ਦਾ ਅਰਥ ਇਹ ਸੀ ਕਿ ਉਸ ਨੂੰ ਵਿਸ਼ਵਾਸ ਸੀ ਕਿ ਜਦੋਂ ਮਸੀਹ ਦੁਬਾਰਾ ਆਵੇਗਾ ਤਾਂ ਉਹ ਜੀਉਂਦਾ ਹੋਵੇਗਾ? ਕੁਝ ਸੰਦੇਹਵਾਦੀ ਕਹਿੰਦੇ ਹਨ ਹਾਂ, ਪਰ ਉਸ ਨੂੰ ਗਲਤਫਹਿਮੀ ਹੋ ਗਈ ਸੀ। ਜਿਹੜੇ ਪੌਲੁਸ ਦੀਆਂ ਲਿਖਤਾਂ ਦੇ ਪ੍ਰੇਰਿਤ ਹੋਣ ਦਾ ਸਮਰਥਨ ਕਰਦੇ ਹਨ ਇਸ ਗੱਲ ਦਾ ਬੜੇ ਧਿਆਨ ਨਾਲ ਅਧਿਐਨ ਕਰਦੇ ਹਨ। 1 ਕੁਰਿੰਥੀਆਂ 6:14 ਵਿੱਚ, ਪੌਲੁਸ ਨੇ ਆਪਣੇ ਆਪ ਨੂੰ ਉਨ੍ਹਾਂ ਲੋਕਾਂ ਵਿੱਚ ਸ਼ਾਮਲ ਕੀਤਾ ਜਿਹੜੇ ਮਸੀਹ ਦੇ ਆਉਣ ਤੇ ਮਰੇ ਹੋਏ ਹੋਣਗੇ (2 ਕੁਰਿੰਥੀਆਂ 4:14 ਵੀ ਵੇਖੋ)। 1 ਥੱਸਲੁਨੀਕੀਆਂ 5:10 ਵਿੱਚ, ਪੌਲੁਸ ਨੇ ਸੰਕੇਤ ਦਿੱਤਾ ਹੈ ਕਿ ਉਹ ਨਹੀਂ ਸੀ ਜਾਣਦਾ ਕਿ ਮਸੀਹ ਦੇ ਦੁਬਾਰਾ ਆਉਣ ਤੀਕ ਉਹ ਜੀਉਂਦਾ ਜਾਂ ਮਰਿਆ ਹੋਵੇਗਾ। ਪੌਲੁਸ ਨੇ ਬਸ ਆਪਣੇ ਆਪ ਨੂੰ ਉਸ ਸਮੂਹ ਵਿੱਚ ਸ਼ਾਮਲ ਕੀਤਾ ਜਿਸ ਦੇ ਬਾਰੇ ਉਸ ਨੇ ਲਿਖਿਆ ਸੀ।

ਪੌਲੁਸ ਲਈ ਮੁੱਦੇ ਦੀ ਗੱਲ ਇਹ ਨਹੀਂ ਹੈ ਕਿ ਮਸੀਹ *ਕਦੋਂ* ਆਵੇਗਾ। ਮੁੱਦੇ ਦੀ ਗੱਲ ਇਹ ਹੈ ਕਿ ਮਸੀਹ ਜਦ ਕਦੀ ਵੀ ਆਵੇਗਾ, ਜਿਹੜੇ ਲੋਕ ਜੀਉਂਦੇ ਹੋਣਗੇ ਉਹ ਮਰੇ ਹੋਇਆਂ ਤੋਂ ਪਹਿਲਾਂ ਨਹੀਂ ਆਉਣਗੇ। ਕੋਈ ਵੀ ਉਸ ਵੱਡੀ ਆਮਦ ਤੋਂ ਵਾਂਝਾ ਨਹੀਂ ਰਹੇਗਾ!

*"ਪ੍ਰਭੂ ਆਪ ਸੁਰਗ ਤੋਂ ਉਤਰੇਗਾ . . ."* (ਆਇਤ 16)। ਕੋਈ ਸੁਰਗਦੂਤ ਜਾਂ ਸੰਦੇਸ਼ਵਾਹਕ ਨਹੀਂ ਪਰ ਯਿਸੂ ਖੁਦ ਆਵੇਗਾ। ਮਸੀਹ ਦੀ ਦੂਜੀ ਆਮਦ ਇਤਹਾਸ ਵਿੱਚ ਸਭ ਤੋਂ ਮਹੱਤਵਪੂਰਣ ਆਮਦ ਹੋਵੇਗੀ। ਪੌਲੁਸ ਨੇ ਤਿੰਨ ਗੱਲਾਂ ਦਾ ਵਰਣਨ ਕੀਤਾ ਜੋ ਯਿਸੂ ਦੇ ਦੁਬਾਰਾ ਆਉਣ ਤੇ ਹੋਣਗੀਆਂ।

ਉਹ "ਲਲਕਾਰੇ ਨਾਲ ਸੁਰਗ ਤੋਂ ਉਤਰੇਗਾ।" ਇਹ ਉਸ ਦੀ ਆਮਦ ਦਾ ਇਸ਼ਾਰਾ ਹੈ। ਇਹ ਬੁਲਾਵਾ ਉਨ੍ਹਾਂ ਲਈ ਹੋ ਸਕਦਾ ਹੈ ਜਿਹੜੇ ਕਬਰਾਂ ਵਿੱਚ ਹਨ। ਯਿਸੂ ਨੇ ਕਿਹਾ ਹੈ, "ਉਹ ਘੜੀ ਆਉਂਦੀ ਹੈ ਜਿਹ ਦੇ ਵਿੱਚ ਓਹ ਸਭ ਜਿਹੜੇ ਕਬਰਾਂ ਵਿੱਚ ਹਨ ਉਹ ਦੀ ਅਵਾਜ਼ ਸੁਣਨਗੇ ਅਤੇ ਨਿੱਕਲ ਆਉਣਗੇ" (ਯੂਹੰਨਾ 5:28, 29)। ਪਰਕਾਸ਼ ਦੀ ਪੋਥੀ ਵਿੱਚ ਯੂਹੰਨਾ ਨੇ ਲਿਖਿਆ, "ਹਰੇਕ ਅੱਖ ਉਸ ਨੂੰ ਵੇਖੇਗੀ, ਨਾਲੇ ਜਿਨ੍ਹਾਂ ਉਸ ਨੂੰ ਵਿੰਨ੍ਹਿਆ ਸੀ" (ਪਰਕਾਸ਼ ਦੀ ਪੋਥੀ 1:7)।

ਉਹ "ਮਹਾਂ ਦੂਤ ਦੀ ਅਵਾਜ਼ ਨਾਲ . . . ਸੁਰਗ ਤੋਂ ਉਤਰੇਗਾ।" ਸ਼ਾਇਦ ਇਹ ਦੂਤ ਮੀਕਾਏਲ ਹੈ, ਇਕਮਾਤਰ ਦੂਤ ਜਿਸ ਨੂੰ ਪਵਿੱਤਰ ਵਚਨ ਵਿੱਚ ਮਹਾਂ ਦੂਤ ਕਹਿ ਕੇ ਬੁਲਾਇਆ ਗਿਆ ਹੈ (ਯਹੂਦਾਹ 9)। ਮਹਾਂ ਦੂਤ ਦੀ ਅਵਾਜ਼ ਸੰਭਵ ਤੌਰ ਤੇ ਹੋਰਨਾਂ ਦੂਤਾਂ ਨੂੰ "ਚੁਣਿਆਂ ਹੋਇਆਂ ਨੂੰ ਇਕੱਠਿਆਂ ਕਰਨ" ਦਾ ਹੁਕਮ ਦੇਵੇਗੀ (ਮੱਤੀ 24:31)।

ਉਹ "ਪਰਮੇਸ਼ੁਰ ਦੀ ਤੁਰ੍ਹੀ ਨਾਲ . . . ਸੁਰਗ ਤੋਂ ਉਤਰੇਗਾ।" ਤਿੰਨਾਂ ਦੀ ਅਵਾਜ਼ ਸਾਫ਼-ਸਾਫ਼ ਸੁਣਾਈ ਦੇਵੇਗੀ, ਇੱਕ ਤੋਂ ਬਾਅਦ ਦੂਜੀ। ਇਹ ਉਹੋ ਤੁਰ੍ਹੀ ਹੈ ਜਿਸ ਨੂੰ "ਛੇਕੜਲੀ ਤੁਰ੍ਹੀ" ਕਿਹਾ ਗਿਆ ਹੈ (1 ਕੁਰਿੰਥੀਆਂ 15:52)। ਇਸ ਨੂੰ "ਪਰਮੇਸ਼ੁਰ ਦੀ" ਤੁਰ੍ਹੀ ਇਸ ਲਈ ਕਿਹਾ ਗਿਆ ਹੈ ਕਿਉਂਕਿ ਇਹ ਮਸੀਹ ਦੀ ਆਮਦ ਦਾ ਐਲਾਨ ਕਰਦੀ ਹੈ ਜਿਹੜਾ ਇਲਾਹੀ ਹੈ। ਇਸ "ਤੁਰ੍ਹੀ" ਨੂੰ ਉਹ ਤੁਰ੍ਹੀ ਵੀ ਕਿਹਾ ਜਾਂਦਾ ਹੈ ਜਿਸ ਨੇ ਇਸਰਾਏਲੀ ਲੋਕਾਂ ਨੂੰ ਆਪਣੇ ਪਰਮੇਸ਼ੁਰ ਨਾਲ ਮਿਲਣ ਦੇ ਲਈ ਸੀਨਈ ਪਹਾੜ ਤੇ ਬੁਲਾਇਆ ਸੀ (ਕੂਚ 19:19)।

ਤੁਰ੍ਹੀਆਂ ਲੋਕਾਂ ਨੂੰ ਜਗਾਉਣ ਲਈ ਵੀ ਵਰਤੀਆਂ ਜਾਂਦੀਆਂ ਸਨ। ਇੱਥੇ ਇਹ ਉਨ੍ਹਾਂ ਨੂੰ ਜਗਾਉਂਦੀ ਹੈ ਜਿਹੜੇ "ਸੁੱਤੇ" ਹਨ। ਪੌਲੁਸ ਨੇ ਸਿਰਫ ਮਸੀਹੀ ਲੋਕਾਂ ਦੇ ਜੀ ਉੱਠਣ ਦਾ ਵਰਣਨ ਕੀਤਾ ਸੀ। ਫਿਰ ਵੀ, ਉਸ ਦਾ ਮੰਨਣਾ ਸੀ ਕਿ ਕੁਧਰਮੀ ਲੋਕ ਵੀ ਜੀ ਉੱਠਣਗੇ (ਰਸੂਲਾਂ ਦੇ ਕਰਤੱਬ 24:15)। ਯਿਸੂ ਨੇ ਧਰਮੀਆਂ ਅਤੇ ਕੁਧਰਮੀਆਂ ਦੇ ਜੀ ਉੱਠਣ ਦਾ ਜ਼ਿਕਰ ਕੀਤਾ ਸੀ (ਯੂਹੰਨਾ 5:28, 29)।

ਇਹ ਸਾਰੀਆਂ ਗੱਲਾਂ ਉਦੋਂ ਹੋਣਗੀਆਂ ਜਦੋਂ ਯਿਸੂ ਸੁਰਗ ਤੋਂ ਉਤਰੇਗਾ। ਇਹ ਉਹ ਸਮਾਂ ਹੋਵੇਗਾ ਜਦੋਂ ਮਸੀਹ ਸਾਡਾ ਸਭਨਾਂ ਦਾ ਨਿਆਂ ਕਰੇਗਾ। "ਜਦ ਮਨੁੱਖ ਦਾ ਪੁੱਤ੍ਰ ਆਪਣੇ ਤੇਜ ਨਾਲ ਸਾਰੇ ਦੂਤਾਂ ਸਣੇ ਆਵੇਗਾ ਤਦ ਉਹ ਆਪਣੇ ਤੇਜ ਦੇ ਸਿੰਘਾਸਣ ਉੱਤੇ ਬੈਠੇਗਾ। ਅਰ ਸਭ ਕੌਮਾਂ ਉਹ ਦੇ ਅੱਗੇ ਇਕੱਠੀਆਂ ਕੀਤੀਆਂ ਜਾਣਗੀਆਂ ਅਰ ਜਿਸ ਤਰਾਂ ਅਯਾਲੀ ਭੇਡਾਂ ਨੂੰ ਬੱਕਰੀਆਂ ਵਿੱਚੋਂ ਵੱਖਰਿਆਂ ਕਰਦਾ ਹੈ ਓਸੇ ਤਰਾਂ ਉਹ ਉਨ੍ਹਾਂ ਨੂੰ ਇੱਕ ਦੂਏ ਤੋਂ ਵੱਖਰਾ ਕਰੇਗਾ" (ਮੱਤੀ 25:31, 32)।

*ਫਿਰ ਮਸੀਹ ਆਪਣੇ ਚੁਣਿਆਂ ਹੋਇਆਂ ਨੂੰ ਇਕੱਠਿਆਂ ਕਰੇਗਾ* (ਆਇਤ 17)। ਅਣਆਗਿਆਕਾਰ ਲੋਕਾਂ ਨੂੰ ਅੱਗ ਦੀ ਝੀਲ ਵਿੱਚ ਸੁੱਟਿਆ ਜਾਵੇਗਾ (ਪਰਕਾਸ਼ ਦੀ ਪੋਥੀ 20:15)। ਫਿਰ ਵੀ, ਮਸੀਹੀ ਲੋਕਾਂ ਨੂੰ ਇੱਕ ਵੱਖਰਾ ਹੀ ਅਨੁਭਵ ਹੋਵੇਗਾ। ਪੌਲੁਸ ਨੇ ਇਸ ਗੱਲ ਦੀ ਤਸਦੀਕ ਕੀਤੀ, "ਤਦ ਅਸੀਂ ਜਿਹੜੇ ਜੀਉਂਦੇ ਅਤੇ ਬਾਕੀ ਰਹਿੰਦੇ ਹਾਂ ਓਹਨਾਂ ਦੇ ਨਾਲ ਹੀ ਹਵਾ ਵਿੱਚ ਪ੍ਰਭੂ ਦੇ ਮਿਲਣ ਨੂੰ ਬੱਦਲਾਂ ਉੱਤੇ ਅਚਾਣਕ ਉਠਾਏ ਜਾਵਾਂਗੇ ਅਤੇ ਇਸੇ ਤਰਾਂ ਅਸੀਂ ਸਦਾ ਪ੍ਰਭੂ ਦੇ ਸੰਗ ਰਹਾਂਗੇ" (ਆਇਤ 17; ਵੇਖੋ ਮੱਤੀ 24:31)।

ਇਹ ਹੈ ਉਹ ਤਰਤੀਬ ਜਿਸ ਦੇ ਅਨੁਸਾਰ ਇਹ ਗੱਲਾਂ ਹੋਣਗੀਆਂ। "ਜਿਹੜੇ ਮਸੀਹ ਵਿੱਚ ਹੋ ਕੇ ਮੋਏ ਹਨ ਓਹ ਪਹਿਲਾਂ ਜੀ ਉੱਠਣਗੇ" (ਆਇਤ 16)। ਯਿਸੂ ਦੀ ਅਵਾਜ਼ ਨੂੰ ਸੁਣਨ ਤੋਂ ਬਾਅਦ ਦੂਤਾਂ ਦੁਆਰਾ ਉਨ੍ਹਾਂ ਨੂੰ ਇਕੱਠਿਆਂ ਕੀਤਾ ਜਾਵੇਗਾ (ਵੇਖੋ ਯੂਹੰਨਾ 5:28)। ਉਸ ਤੋਂ ਬਾਅਦ, ਉਹ ਮਸੀਹੀ ਲੋਕ "ਜਿਹੜੇ ਜੀਉਂਦੇ ਅਤੇ [ਇੱਥੇ ਧਰਤੀ ਉੱਤੇ] ਬਾਕੀ ਰਹਿੰਦੇ ਹਨ ਬੱਦਲਾਂ ਉੱਤੇ ਉਠਾ ਲਏ ਜਾਣਗੇ।"

ਪ੍ਰਭੂ ਦੇ ਸੁਰਗ ਤੋਂ ਉਤਰਣ ਦਾ ਉਦੇਸ਼ ਆਪਣੇ ਲੋਕਾਂ ਨੂੰ ਇਕੱਠਿਆਂ ਕਰਨਾ ਹੈ। ਪਵਿੱਤਰ ਵਚਨ ਅੰਤ ਦੇ ਸਮੇਂ ਤੋਂ ਕਈ ਸਾਲ ਪਹਿਲਾਂ ਕੁਝ ਮਸੀਹੀ ਲੋਕਾਂ ਦੇ ਗੁਪਤ ਵਿੱਚ ਬੱਦਲਾਂ ਤੇ ਉਠਾਏ ਜਾਣ ਦੀ ਸਿੱਖਿਆ ਨਹੀਂ ਦਿੰਦਾ। ਜੀਉਂਦੇ ਮਸੀਹੀ ਲੋਕ "ਓਹਨਾਂ ਨਾਲ ਬੱਦਲਾਂ ਉੱਤੇ ਉਠਾਏ ਜਾਣਗੇ;" ਇਸ ਤਰ੍ਹਾਂ ਦੋ ਸਮੂਹ ਇਕੱਠੇ ਹੋਣਗੇ। ਉਹ "ਬੱਦਲਾਂ ਵਿੱਚ" ਮਿਲਣਗੇ (ਵੇਖੋ ਪਰਕਾਸ਼ ਦੀ ਪੋਥੀ 1:7)। ਉਹ "ਹਵਾ ਵਿੱਚ" ਮਿਲਣਗੇ ਜੋ ਸ਼ਾਇਦ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਮਸੀਹ ਸ਼ਤਾਨ ਉੱਤੇ ਮੁਕੰਮਲ ਜਿੱਤ ਹਾਸਲ ਕਰ ਚੁੱਕਾ ਹੈ ਜਿਸ ਨੂੰ "ਹਵਾਈ ਇਖ਼ਤਿਆਰ ਦਾ ਸਰਦਾਰ" ਕਿਹਾ ਜਾਂਦਾ ਹੈ (ਅਫ਼ਸੀਆਂ 2:2)।

"ਇਸੇ ਤਰ੍ਹਾਂ ਅਸੀਂ ਸਦਾ ਪ੍ਰਭੂ ਦੇ ਸੰਗ ਰਹਾਂਗੇ।" ਅਸੀਂ ਉਹ ਦੇ ਸੰਗ ਕਿੱਥੇ ਰਹਾਂਗੇ?

ਅਸੀਂ ਉਹ ਦੇ ਸੰਗ ਧਰਤੀ ਉੱਤੇ ਨਹੀਂ ਰਹਾਂਗੇ। ਉਹ ਧਰਤੀ ਉੱਤੇ ਆਵੇਗਾ, ਪਰ ਸਿਰਫ ਇਸ ਦੇ ਵਾਯੂ-ਮੰਡਲ ਵਿੱਚ। ਉਹ ਕਦੀ ਵੀ ਧਰਤੀ ਉੱਤੇ ਆਪਣਾ ਪੈਰ ਨਹੀਂ ਧਰੇਗਾ! ਉਹ ਵਾਯੂ-ਮੰਡਲ ਵਿੱਚ ਰਹੇਗਾ ਅਤੇ ਵਿਸ਼ਵਾਸੀਆਂ ਨੂੰ "ਹਵਾ ਵਿੱਚ ਉੱਪਰ ਉਠਾ ਲਵੇਗਾ।" ਇੱਥੇ ਧਰਤੀ ਉੱਤੇ ਉਹ ਦੇ ਹਜ਼ਾਰ ਵਰ੍ਹੇ ਰਾਜ ਕਰਨ ਦਾ ਕੋਈ ਹਵਾਲਾ ਨਹੀਂ ਦਿੱਤਾ ਗਿਆ। (ਪਰਕਾਸ਼ ਦੀ ਪੋਥੀ 20:2 ਵਿੱਚ ਜੋ ਸ਼ਬਦਾਵਲੀ ਹੈ ਉਹ ਅਲੰਕਾਰ ਹੈ।)

ਕਿਸੇ ਨਾ ਕਿਸੇ ਭਾਵ ਵਿੱਚ ਹੁਣ ਇੱਥੇ ਧਰਤੀ ਉੱਤੇ ਪ੍ਰਭੂ ਸਾਡੇ ਨਾਲ ਹੈ। ਯਿਸੂ ਨੇ ਆਪਣੇ ਚੇਲਿਆਂ ਨਾਲ ਵਾਅਦਾ ਕੀਤਾ ਸੀ ਕਿ ਉਹ ਸਦਾ ਉਨ੍ਹਾਂ ਦੇ ਨਾਲ ਰਹੇਗਾ (ਮੱਤੀ 28:20)। ਉਸ ਦੀ ਦੂਜੀ ਆਮਦ ਤੋਂ ਬਾਅਦ, ਅਸੀਂ ਹੋਰ ਵੀ ਵੱਡੇ ਉਦੇਸ਼ ਨਾਲ ਉਹ ਦੇ ਨਾਲ ਹੋਵਾਂਗੇ। ਪੌਲੁਸ ਨੇ ਇੱਥੇ ਧਰਤੀ ਤੇ ਹੋਣ ਨਾਲੋਂ ਪ੍ਰਭੂ ਦੇ ਨਾਲ ਹੋਣ ਜ਼ਿਆਦਾ ਬਿਹਤਰ ਸਮਝਿਆ (2 ਕੁਰਿੰਥੀਆਂ 5:8; ਫ਼ਿਲਿੱਪੀਆਂ 1:23)। ਉਸ ਨੇ ਉਸ ਮੁਬਾਰਕ ਰਾਜ ਵਿੱਚ ਮਸੀਹ ਦੇ ਸੰਗ ਰਹਿਣ ਦੀ ਲਾਲਸਾ ਕੀਤੀ, ਸਰੀਰ ਵਿੱਚ ਨਹੀਂ, ਬਲਕਿ ਅਵਿਨਾਸੀ ਸਰੀਰ ਵਿੱਚ (1 ਕੁਰਿੰਥੀਆਂ 15:48–52; 2 ਕੁਰਿੰਥੀਆਂ 5:1)। ਇਸ ਲਈ, "ਸਦਾ ਪ੍ਰਭੂ ਦੇ ਸੰਗ ਰਹਾਂਗੇ।"

ਜੇਕਰ ਤੁਹਾਨੂੰ ਪਤਾ ਹੁੰਦਾ ਕਿ ਮਸੀਹ ਅੱਜ ਆਵੇਗਾ, ਤੁਹਾਡੀ ਪ੍ਰਤੀਕ੍ਰਿਆ ਕੀ ਹੋਵੇਗੀ? ਇਹ ਇੱਕ ਮਹਾਨ ਘਟਨਾ ਹੋਵੇਗੀ, ਪਰ ਇਹ ਇੱਕ ਹੈਰਾਨਗੀ ਵਜੋਂ ਵੀ ਆਵੇਗੀ, "ਜਿਸ ਤਰਾਂ ਰਾਤ ਨੂੰ ਚੋਰ" (1 ਥੱਸਲੁਨੀਕੀਆਂ 5:2)। ਜਦੋਂ ਉਹ ਅਚਾਣਕ ਆਵੇਗਾ, ਉਸ ਦਾ ਆਉਣਾ ਜਿਸ ਤਰਾਂ ਬਿਜਲੀ ਚੜ੍ਹਦਿਓਂ ਚਮਕਾਰਾ ਮਾਰ ਕੇ ਲਹਿੰਦੇ ਤੀਕਰ ਦਿਸਦੀ ਹੈ ਉਸੇ ਤਰ੍ਹਾਂ ਹੋਵੇਗਾ (ਮੱਤੀ 24:27)। ਇਸ ਦੇ ਪ੍ਰਤੀ ਦੁਨੀਆ ਦੀ ਕੀ ਪ੍ਰਤੀਕ੍ਰਿਆ ਹੋਵੇਗੀ?

ਧਰਮੀ ਲੋਕਾਂ ਦੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਰਹੇਗਾ। ਪੌਲੁਸ ਨੇ ਕਿਹਾ ਹੈ ਕਿ ਪਰਮੇਸ਼ੁਰ ਨੇ "ਧਰਮ [ਧਾਰਮਿਕਤਾ] ਦਾ ਮੁਕਟ ਮੇਰੇ ਲਈ ਰੱਖਿਆ ਹੋਇਆ ਹੈ ਜਿਹੜਾ… ਉਸ ਦਿਨ ਮੈਨੂੰ ਦੇਵੇਗਾ ਅਤੇ ਕੇਵਲ ਮੈਨੂੰ ਹੀ ਨਹੀਂ ਸਗੋਂ ਓਹਨਾਂ ਸਭਨਾਂ ਨੂੰ ਵੀ ਜਿਨ੍ਹਾਂ ਉਹ ਦੇ ਪਰਕਾਸ਼ ਹੋਣ ਨੂੰ ਪਿਆਰਾ ਜਾਣਿਆ" (2 ਤਿਮੋਥਿਉਸ 4:8)।

ਕੁਧਰਮੀ ਲੋਕ ਡਰ ਜਾਣਗੇ। ਪਰਕਾਸ਼ ਦੀ ਪੋਥੀ 6:15, 16 ਵਰਣਨ ਕਰਦੀ ਹੈ ਕਿ "ਧਰਤੀ ਦੇ ਰਾਜੇ," "ਮਹਾਨ ਪੁਰਖ" ਅਤੇ "ਅਮੀਰ" ਜਿਹੜੇ ਧਰਤੀ ਤੇ ਅਣਆਗਿਆਕਾਰੀ ਹੁੰਦੇ ਹੋਏ ਆਪਣੇ ਆਪ ਨੂੰ ਆਉਣ ਵਾਲੇ ਨਿਆਂ ਤੋਂ ਲੁਕਾਉਣਗੇ। ਉਨ੍ਹਾਂ ਲਈ, ਮਸੀਹ ਦਾ ਦੁਬਾਰਾ ਆਉਣਾ ਇੱਕ ਭਿਆਣਕ ਅਨੁਭਵ ਹੋਵੇਗਾ।

ਹੁਣ ਸਵਾਲ ਇਹ ਉੱਠਦਾ ਹੈ: ਕੀ ਅਸੀਂ ਮਸੀਹ ਦੇ ਦੁਬਾਰਾ ਆਉਣ-ਨਿਆਂ ਵਿੱਚ ਉਸ ਦਾ ਸਾਹਮਣਾ ਕਰਨ ਅਤੇ ਆਪਣੇ ਸਦੀਪਕ ਘਰ ਵਿੱਚ ਦਾਖ਼ਲ ਹੋਣ-ਦੇ ਲਈ ਤਿਆਰ ਹਾਂ?

EE

### ਯਿਸੂ ਵਿੱਚ ਦੁਬਾਰਾ ਮਿਲਨ (4:13-18)

ਯਿਸੂ ਵਾਪਸ ਆ ਰਿਹਾ ਹੈ! ਇਹ ਯਿਸੂ ਬਾਰੇ ਖੁਸ਼ਖ਼ਬਰੀ ਦਾ ਇੱਕ ਪ੍ਰਮੁੱਖ ਹਿੱਸਾ ਹੈ। ਜੇਕਰ ਮੈਂ ਕਹਾਂ ਕਿ "ਯਿਸੂ ਅੱਜ ਵਾਪਸ ਆ ਰਿਹਾ ਹੈ!" ਇਹ ਕੜੀ ਪ੍ਰਤੀਕ੍ਰਿਆ ਨੂੰ ਉਕਸਾਏਗਾ, ਫਿਰ ਭਾਵੇਂ ਉਹ ਡਰ, ਬੇਚੈਨੀ ਜਾਂ ਅਨੰਦ ਹੀ ਹੋਵੇ।

ਯਿਸੂ ਦਾ ਦੁਬਾਰਾ ਆਉਣਾ 1 ਥੱਸਲੁਨੀਕੀਆਂ ਦਾ ਪ੍ਰਮੁੱਖ ਵਿਸ਼ਾ ਹੈ ਜਿਸ ਦਾ ਜ਼ਿਕਰ ਹਰ ਅਧਿਆਇ ਵਿੱਚ ਕੀਤਾ ਗਿਆ ਹੈ। ਉਸ ਦੇ ਦੁਬਾਰਾ ਆਉਣ ਬਾਰੇ ਅੱਜ ਦੋ ਕਾਰਣਾਂ

ਵਿੱਚੋਂ ਇੱਕ ਕਰਕੇ ਸਿੱਖਿਆ ਦਿੱਤੀ ਜਾਂਦੀ ਹੈ: ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਇਸ ਤਰ੍ਹਾਂ ਨਹੀਂ ਹੋਵੇਗਾ, ਜਾਂ ਬਹੁਤ ਸਾਰੇ ਲੋਕ ਜਿਨ੍ਹਾਂ ਦਾ ਮੰਨਣਾ ਹੈ ਕਿ ਯਿਸੂ ਦੁਬਾਰਾ ਆਵੇਗਾ ਉਹ ਇਸ ਤਰ੍ਹਾਂ ਦਾ ਜੀਵਨ ਬਤੀਤ ਕਰਦੇ ਹਨ ਜਿਵੇਂ ਕਿ ਨਿਆਂ ਹੋਵੇਗਾ ਹੀ ਨਹੀਂ। 1 ਥੱਸਲੁਨੀਕੀਆਂ ਵਿੱਚ ਯਿਸੂ ਦੇ ਦੁਬਾਰਾ ਆਉਣ ਦੀ ਚਰਚਾ ਲਈ ਇਨ੍ਹਾਂ ਵਿੱਚੋਂ ਕੋਈ ਕਾਰਣ ਨਹੀਂ ਹੈ। ਮਸੀਹੀ ਲੋਕ ਜਿਨ੍ਹਾਂ ਨੂੰ ਇਹ ਪੱਤ੍ਰੀ ਲਿਖੀ ਗਈ ਸੀ ਪਹਿਲਾਂ ਤੋਂ ਹੀ ਯਿਸੂ ਦੇ ਦੁਬਾਰਾ ਆਉਣ ਵਿੱਚ ਵਿਸ਼ਵਾਸ ਕਰਦੇ ਸਨ। ਦਰਅਸਲ, ਯਿਸੂ ਦੇ ਦੁਬਾਰਾ ਆਉਣ ਦੀ ਉਨ੍ਹਾਂ ਦੀ ਉਡੀਕ ਹੀ ਇੱਕ ਕਾਰਣ ਸੀ ਜਿਸ ਕਰਕੇ ਉਹ ਮਸੀਹੀ ਬਣੇ ਸਨ; ਉਹ ਯਿਸੂ ਨੂੰ ਮਿਲਣ ਦੀ ਤਿਆਰੀ ਕਰਨਾ ਚਾਹੁੰਦੇ ਸਨ। ਉਹ ਜਾਣਦੇ ਸਨ ਕਿ ਯਿਸੂ ਦਾ ਆਉਣਾ ਉਸ ਦੇ ਨਾਲ ਅਤੇ ਉਨ੍ਹਾਂ ਭਾਈਆਂ ਦੇ ਜਿਹੜੇ ਹੋਰਨਾਂ ਥਾਵਾਂ ਤੇ ਹਨ ਵੱਡੇ ਮਿਲਾਪ ਦਾ ਸਮਾਂ ਹੋਵੇਗਾ।

ਫਿਰ ਵੀ, ਇੱਕ ਸ਼ੱਕ ਨੇ ਉਨ੍ਹਾਂ ਦੇ ਮਨਾਂ ਨੂੰ ਭਰ ਦਿੱਤਾ ਅਤੇ ਉਨ੍ਹਾਂ ਨੂੰ ਉਦਾਸ ਕਰ ਦਿੱਤਾ ਜਦੋਂ ਉਨ੍ਹਾਂ ਨੇ ਯਿਸੂ ਦੇ ਵਾਪਸ ਆਉਣ ਬਾਰੇ ਸੋਚਿਆ। ਉਨ੍ਹਾਂ ਦੀ ਮੰਜ਼ਿਲ ਕੀ ਹੋਵੇਗੀ ਜਿਹੜੇ ਪਹਿਲਾਂ ਤੋਂ ਹੀ ਮਰ ਚੁੱਕੇ ਸਨ? ਕੀ ਉਹ ਇਸ ਵੱਡੇ ਮਿਲਾਪ ਤੋਂ ਖੁੰਝ ਜਾਣਗੇ? 4:13–18 ਵਿੱਚ, ਪੌਲੁਸ ਨੇ ਉਨ੍ਹਾਂ ਲਈ ਇਸ ਚਿੰਤਾਜਨਕ ਸਵਾਲ ਦਾ ਜਵਾਬ ਦਿੱਤਾ। ਨਤੀਜੇ ਵਜੋਂ, ਉਹ ਖੁਸ਼ੀ ਨਾਲ ਯਿਸੂ ਦੇ ਦੁਬਾਰਾ ਆਉਣ ਦੀ ਉਡੀਕ ਕਰ ਸਕੇ।

ਕੀ ਯਿਸੂ ਦੇ ਦੁਬਾਰਾ ਆਉਣ ਦੀ ਸੰਭਾਵਨਾ ਸਾਨੂੰ ਅਨੰਦ ਨਾਲ ਭਰ ਦਿੰਦੀ ਹੈ? ਸਾਡੀ ਪ੍ਰਤੀਕ੍ਰਿਆ ਕੀ ਹੋਣੀ ਚਾਹੀਦੀ ਹੈ? ਇਸ ਦਾ ਫ਼ੈਸਲਾ ਕਰਨ ਲਈ, ਸਾਨੂੰ ਇਹ ਜਾਣਨ ਦੀ ਲੋੜ ਹੈ ਕਿ ਜਦੋਂ ਯਿਸੂ ਆਵੇਗਾ ਤਾਂ ਕੀ ਹੋਵੇਗਾ ਅਤੇ ਉਸ ਦੇ ਆਉਣ ਦੇ ਪ੍ਰਤੀ ਸਾਡਾ ਰਵੱਈਆ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ।

*ਅਸੀਂ ਸੰਸਾਰ ਦੇ ਵਾਂਗ ਸੋਗ ਨਹੀਂ ਕਰਨਾ ਹੈ* (4:13)। ਥੱਸਲੁਨੀਕੇ ਦੇ ਲੋਕ ਆਪਣੇ ਉਨ੍ਹਾਂ ਭਾਈਆਂ ਦੀ ਭਲਾਈ ਬਾਰੇ ਚਿੰਤਤ ਸਨ ਜਿਹੜੇ ਮਰ ਚੁੱਕੇ ਸਨ। ਲਾਜ਼ਰ ਦੀ ਮੌਤ ਤੋਂ ਬਾਅਦ ਯਿਸੂ ਨੇ ਮੌਤ ਦੀ ਤੁਲਨਾ ਸੌਣ ਨਾਲ ਕੀਤੀ ਸੀ (ਯੂਹੰਨਾ 11:11–14)। ਇਹ ਬੇਹੋਸ਼ ਹੋ ਜਾਣ ਅਤੇ ਜੀਵਨ ਦੇ ਕੰਮਾਂ ਵਿੱਚ ਸ਼ਾਮਲ ਹੋਣ ਦੀ ਕਮੀ ਦੀਆਂ ਸਮਾਨਤਾਵਾਂ ਦੇ ਕਾਰਣ ਹੈ। ਇਹ ਮਸੀਹੀ ਲੋਕ ਆਪਣੇ ਉਨ੍ਹਾਂ ਭਾਈਆਂ ਦੀ ਭਲਾਈ ਬਾਰੇ ਚਿੰਤਤ ਸਨ ਜਿਹੜੇ ਮਰ ਚੁੱਕੇ ਸਨ।

ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਮੌਤ ਜੀਵਨ ਦਾ ਅੰਤ ਹੈ-ਅਤੇ ਇਸ ਲਈ, ਰਿਸ਼ਤਿਆਂ, ਬਰਕਤਾਂ ਅਤੇ ਫਾਇਦਿਆਂ ਦਾ ਅੰਤ ਜੀਵਨ ਦੇ ਨਾਲ ਹੀ ਹੋ ਜਾਂਦਾ ਹੈ। ਉਨ੍ਹਾਂ ਨੂੰ ਕੋਈ ਆਸ ਨਹੀਂ ਹੈ ਕਿ ਇਸ ਜੀਵਨ ਤੋਂ ਬਾਅਦ ਵੀ ਕੁਝ ਜਾਰੀ ਰਹੇਗਾ। ਪੌਲੁਸ ਅਤੇ ਉਸ ਦੇ ਨਾਲ ਕੰਮ ਕਰਨ ਵਾਲੇ ਜਾਣਦੇ ਸਨ ਕਿ ਮੌਤ ਮਸੀਹੀ ਵਿਅਕਤੀ ਲਈ ਸਾਰੇ ਫਾਇਦਿਆਂ ਦਾ ਅੰਤ ਨਹੀਂ ਹੈ (4:13), ਪਰ ਬਰਕਤ ਅਤੇ ਸਦੀਪਕ ਫਾਇਦੇ ਵਾਲੇ ਸਮੇਂ ਦਾ ਆਰੰਭ ਹੈ।

ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਥੱਸਲੁਨੀਕੇ ਦੇ ਲੋਕਾਂ ਨੇ ਇਹ ਸੋਚਿਆ ਸੀ ਕਿ ਯਿਸੂ ਦੇ ਦੁਬਾਰਾ ਆਉਣ ਦੇ ਫਾਇਦਿਆਂ ਤੋਂ ਉਹ ਲੋਕ ਵਾਂਝੇ ਰਹਿ ਜਾਣਗੇ ਜਿਹੜੇ ਯਿਸੂ ਦੇ ਆਉਣ ਤੋਂ ਪਹਿਲਾਂ ਹੀ ਮਰ ਚੁੱਕੇ ਸਨ, ਇਸ ਲਈ ਪੱਤ੍ਰੀ ਦਾ ਇਹ ਹਿੱਸਾ ਉਨ੍ਹਾਂ ਨੂੰ ਇਹ ਜਾਣਕਾਰੀ ਦੇਣ ਦੇ ਲਈ ਲਿਖਿਆ ਗਿਆ ਸੀ ਕਿ ਇਸ ਜੀਵਨ ਤੋਂ ਬਾਅਦ ਵੀ ਆਸ ਹੈ। ਮਸੀਹੀ ਲੋਕਾਂ ਨੂੰ ਸੰਸਾਰ ਦੇ ਉਨ੍ਹਾਂ ਲੋਕਾਂ ਵਾਂਗ ਸੋਗ ਨਹੀਂ ਕਰਨਾ ਚਾਹੀਦਾ ਜਿਨ੍ਹਾਂ ਨੂੰ ਮੌਤ ਤੋਂ ਬਾਅਦ ਕੋਈ ਆਸ ਨਹੀਂ ਹੈ।

ਅੱਜ ਕੱਲ ਦੇ ਲੋਕਾਂ ਵਿਚਕਾਰ ਇੱਕ ਪ੍ਰਸਿੱਧ ਧਾਰਣਾ ਹੈ ਕਿ ਮੌਤ ਸਿਰਫ ਸੋਗ ਦਾ ਸਮਾਂ

ਹੁੰਦਾ ਹੈ। ਅਸੀਂ ਇਸੇ ਤਰੀਕੇ ਨਾਲ ਪ੍ਰਤੀਕ੍ਰਿਆ ਨਹੀਂ ਕਰਨੀ ਹੈ, ਕਿਉਂਕਿ ਯਿਸੂ ਵਿੱਚ ਸਾਨੂੰ ਆਸ ਹੈ!

*ਅਸੀਂ ਸੋਗ ਨਹੀਂ ਕਰਨਾ ਹੈ, ਕਿਉਂਕਿ ਮੌਤ ਤੋਂ ਬਾਅਦ ਜੀਵਨ ਹੈ* (4:14)। "ਯਿਸੂ ਵਿੱਚ ਸੌਂ ਗਏ ਹਨ" ਵਾਕ ਹੱਲਾਸ਼ੇਰੀ ਦੇਣ ਵਾਲਾ ਹੈ। ਥੱਸਲੁਨੀਕੇ ਦੇ ਮਸੀਹੀਆਂ ਲਈ, ਇਸ ਦਾ ਅਰਥ ਇਹ ਸੀ ਕਿ ਪਰਮੇਸ਼ੁਰ ਹਾਲੇ ਵੀ ਉਨ੍ਹਾਂ ਤੋਂ ਜਾਣੂ, ਉਨ੍ਹਾਂ ਬਾਰੇ ਚਿੰਤਤ ਅਤੇ ਉਨ੍ਹਾਂ ਦੇ ਭਾਈਆਂ ਦੀ ਪਰਵਾਹ ਕਰਦਾ ਸੀ ਜਿਹੜੇ ਮਰ ਚੁੱਕੇ ਸਨ। ਪਹਿਲੀ ਸਦੀ ਵਿੱਚ ਯਹੂਦੀ ਲੋਕਾਂ ਨਾਲ ਗੱਲ ਕਰਦਿਆਂ, ਯਿਸੂ ਨੇ ਕਿਹਾ ਸੀ ਕਿ ਵਿਸ਼ਵਾਸੀ "ਅਬਰਾਹਾਮ ਦੀ ਗੋਦ" ਵਿੱਚ ਹਨ (ਵੇਖੋ ਲੂਕਾ 16:22), ਜਿਸ ਨੇ ਵਿਸ਼ਵਾਸੀ ਯਹੂਦੀ ਲੋਕਾਂ ਤੱਕ ਅਰਾਮ ਅਤੇ ਤਸੱਲੀ ਦਾ ਵਿਚਾਰ ਪਹੁੰਚਾਇਆ ਹੋਵੇਗਾ। ਉਨ੍ਹਾਂ ਮਸੀਹੀ ਲੋਕਾਂ ਦੀ ਮੰਜ਼ਿਲ ਬਾਰੇ ਜਿਹੜੇ ਮਰ ਚੁੱਕੇ ਸਨ ਭਾਵੇਂ ਕੋਈ ਵੀ ਅਨਿਸ਼ਤਤਾਵਾਂ ਹੋਣ, ਥੱਸਲੁਨੀਕੇ ਦੇ ਲੋਕਾਂ ਨੂੰ ਇਹ ਪਤਾ ਲੱਗ ਗਿਆ ਸੀ ਕਿ ਉਹ ਪਰਮੇਸ਼ੁਰ ਦੀ ਦੇਖਰੇਖ ਵਿੱਚ ਸਨ।

ਯਿਸੂ ਨੇ ਦੱਸਿਆ ਕਿ ਜਦੋਂ ਪਰਮੇਸ਼ੁਰ ਨੇ ਮੂਸਾ ਨੂੰ ਆਖਿਆ ਕਿ ਮੈਂ "ਅਬਰਾਹਾਮ ਦਾ ਪਰਮੇਸ਼ੁਰ, ਇਸਹਾਕ ਦਾ ਪਰਮੇਸ਼ੁਰ ਅਤੇ ਯਾਕੂਬ ਦਾ ਪਰਮੇਸ਼ੁਰ" ਹਾਂ (ਕੂਚ 3:6), ਇਸ ਦਾ ਅਰਥ ਇਹ ਸੀ ਕਿ ਇਹ ਵਫ਼ਾਦਾਰ ਯਹੂਦੀ ਲੋਕ ਹਾਲੇ ਵੀ ਮੌਜੂਦ ਸਨ, ਉਨ੍ਹਾਂ ਦੇ ਮਰਨ ਤੋਂ ਬਾਅਦ ਵੀ (ਵੇਖੋ ਮੱਤੀ 22:32)। ਕਿਉਂਕਿ ਪਰਮੇਸ਼ੁਰ ਜੀਉਂਦਿਆਂ ਦਾ ਪਰਮੇਸ਼ੁਰ ਹੈ, ਇਸ ਦਾ ਅਰਥ ਇਹ ਹੈ ਕਿ ਇੱਕ ਭਾਵ ਵਿੱਚ, ਅਬਰਾਹਾਮ, ਇਸਹਾਕ ਅਤੇ ਯਾਕੂਬ ਹਾਲੇ ਵੀ ਜੀਉਂਦੇ ਸਨ, ਪਰਮੇਸ਼ੁਰ ਉਨ੍ਹਾਂ ਦੀ ਦੇਖਰੇਖ ਕਰ ਰਿਹਾ ਸੀ ਅਤੇ ਜੀ ਉੱਠਣ ਦੇ ਸਮੇਂ ਦੁਬਾਰਾ ਵਾਪਸ ਆ ਸਕਦੇ ਸਨ।

ਥੱਸਲੁਨੀਕੇ ਦੇ ਲੋਕਾਂ ਕੋਲ ਪਹਿਲਾਂ ਤੋਂ ਹੀ ਮੌਤ ਤੋਂ ਬਾਅਦ ਬਰਕਤਾਂ ਦੀ ਆਸ ਦੀ ਕੁੰਜੀ ਸੀ; ਉਨ੍ਹਾਂ ਨੇ ਯਿਸੂ ਦੇ ਦੁਬਾਰਾ ਆਉਣ ਤੇ ਉਸ ਨਾਲ ਮਿਲਣ ਦੀ ਯੋਜਨਾ ਬਣਾਈ ਸੀ! ਮੌਤ ਤੋਂ ਬਾਅਦ ਜੀਵਨ ਆਉਂਦਾ ਹੈ (4:14)! ਯਿਸੂ ਖੁਦ ਵੀ ਇੱਕ ਵਾਰ ਮਰਿਆ ਪਰ ਹੁਣ ਉਹ ਜ਼ਿੰਦਾ ਹੈ। ਇਹ ਮਸੀਹੀ ਲੋਕ ਮੁਰਦਿਆਂ ਦੇ ਜੀ ਉੱਠਣ ਵਿੱਚ ਵਿਸ਼ਵਾਸ ਕਰਦੇ ਸਨ: ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਜਿਵੇਂ ਪਰਮੇਸ਼ੁਰ ਨੇ ਆਪਣੇ ਵਾਅਦਿਆਂ ਨੂੰ ਪੂਰਾ ਕਰਨ ਦੇ ਲਈ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਸੀ, ਉਹ ਉਨ੍ਹਾਂ ਫਾਇਦਿਆਂ ਦਾ ਅਨੰਦ ਮਾਣਨ ਲਈ ਜਿਨ੍ਹਾਂ ਦਾ ਪਰਮੇਸ਼ੁਰ ਨੇ ਉਨ੍ਹਾਂ ਨੂੰ ਵਾਅਦਾ ਦਿੱਤਾ ਸੀ ਉਨ੍ਹਾਂ ਦੇ ਭਰਾਵਾਂ ਅਤੇ ਭੈਣਾਂ ਨੂੰ ਜਿਵਾਲ ਸਕਦਾ ਸੀ!

ਕੀ ਅਸੀਂ ਮੌਤ ਨੂੰ ਆਸ ਦੇ ਅੰਤ ਵਜੋਂ ਸੋਚਦੇ ਹਾਂ, ਜਾਂ ਸ਼ਾਇਦ ਇਸ ਤਰ੍ਹਾਂ ਦਾ ਵਿਹਾਰ ਕਰਦੇ ਹਾਂ ਜਿਵੇਂ ਕਿ ਇਹ ਉਦੋਂ ਹੁੰਦਾ ਹੈ ਜਦੋਂ ਮਸੀਹੀ ਲੋਕ ਮਰਦੇ ਹਨ? ਕੀ ਅਸੀਂ ਸਿਰਫ ਉਸੇ ਬਾਰੇ ਸੋਚਦੇ ਹਾਂ ਜੋ ਅਸੀਂ ਗੁਆਵਾਂਗੇ ਜਦੋਂ ਅਸੀਂ ਖੁਦ ਮਰਾਂਗੇ ਅਤੇ ਇਸ ਲਈ ਮੌਤ ਦੀ ਇੱਕ ਭੈ ਵਾਲੀ ਭਾਵਨਾ ਨਾਲ ਉਡੀਕ ਕਰਦੇ ਹਾਂ? ਮੌਤ ਤੋਂ ਬਾਅਦ ਜੋ ਹੋਣ ਵਾਲਾ ਹੈ ਕੀ ਅਸੀਂ ਉਸ ਤੋਂ ਡਰਦੇ ਹਾਂ? ਪੌਲੁਸ ਨੇ ਫ਼ਿਲਿੱਪੀਆਂ ਨੂੰ ਕਿਹਾ, "ਕਿਉਂਕਿ ਜੀਉਣਾ ਮੇਰੇ ਲਈ ਮਸੀਹ ਹੈ ਅਤੇ ਮਰਨਾ ਲਾਭ ਹੈ"; ਉਸ ਨੇ ਕਿਹਾ ਕਿ "ਮੈਂ ਚਾਹੁੰਦਾ ਹਾਂ ਭਈ ਛੁਟਕਾਰਾ ਪਾਵਾਂ ਅਤੇ ਮਸੀਹ ਦੇ ਕੋਲ ਜਾ ਰਹਾਂ ਇਸ ਲਈ ਜੋ ਇਹ ਬਹੁਤ ਹੀ ਉੱਤਮ ਹੈ" (ਫ਼ਿਲਿੱਪੀਆਂ 1:21, 23)। ਪਰਮੇਸ਼ੁਰ ਵਿੱਚ ਭਰੋਸਾ ਅਤੇ ਮੌਤ ਵਿੱਚ ਉਸ ਦੇ ਪ੍ਰਬੰਧ ਲਈ ਅਨੰਦ ਦੀ ਭਾਵਨਾ ਨਾਲ ਮੌਤ ਦੀ ਉਡੀਕ ਕਰਨਾ ਮਸੀਹੀ ਸਿਆਣਪ ਦਾ ਇੱਕ ਚਿੰਨ੍ਹ ਹੈ।

ਦਰਅਸਲ, ਯਿਸੂ ਦੇ ਜੀ ਉੱਠਣ ਰਾਹੀਂ ਪਰਮੇਸ਼ੁਰ ਉੱਤੇ ਨਿਹਚਾ ਕਰਨਾ, ਮੌਤ ਦੇ ਡਰ

ਉੱਤੇ ਜਿੱਤ ਪਾਉਣ ਦਾ ਇਕਮਾਤਰ ਤਰੀਕਾ ਹੈ। ਨਾਸਤਿਕ ਲੋਕ ਉਨ੍ਹਾਂ ਦਾ ਸਭ ਕੁਝ ਜੋ ਉਨ੍ਹਾਂ ਦੇ ਕੋਲ ਹੁੰਦਾ ਹੈ ਗੁਆਉਣ ਦੀ ਸੰਭਾਵਨਾ ਦਾ ਸਾਹਮਣਾ ਕਰਦੇ ਹਨ; ਉਨ੍ਹਾਂ ਦੇ ਕੋਲ ਉਡੀਕ ਕਰਨ ਲਈ ਕੁਝ ਨਹੀਂ ਹੁੰਦਾ। ਸੰਦੇਹਵਾਦੀਆਂ ਨੂੰ ਉਸ ਬਾਰੇ ਸ਼ੱਕ ਹਨ ਜੋ ਮੌਤ ਤੋਂ ਬਾਅਦ ਹੋਣ ਵਾਲਾ ਹੈ। ਸਿਰਫ ਉਹੋ ਲੋਕ ਜਿਹੜੇ ਪਰਮੇਸ਼ੁਰ ਉੱਤੇ ਭਰੋਸਾ ਕਰਦੇ ਹਨ ਇਸ ਜੀਵਨ ਦੇ ਖਤਮ ਹੋਣ ਤੋਂ ਬਾਅਦ ਦੀਆਂ ਬਰਕਤਾਂ ਬਾਰੇ ਨਿਸ਼ਚਤ ਹੋ ਸਕਦੇ ਹਨ। ਪਰਮੇਸ਼ੁਰ ਉੱਤੇ ਭਰੋਸਾ ਕਰੋ ਕਿ ਮੌਤ ਤੋਂ ਬਾਅਦ ਜੀਵਨ ਹੈ!

*ਅਸੀਂ ਸੋਗ ਨਹੀਂ ਕਰਨਾ ਹੈ, ਕਿਉਂਕਿ ਮੋਏ ਹੋਏ ਲੋਕ ਯਿਸੂ ਦੀ ਆਮਦ ਵਿੱਚ ਸਾਂਝੀ ਹੋਣਗੇ* (4:15, 16)। ਇਹ ਸੱਚਾਈ ਕਿ ਮਸੀਹੀ ਲੋਕ ਯਿਸੂ ਦੇ ਦੁਬਾਰਾ ਆਉਣ ਸਮੇਂ ਜੀਉਂਦੇ ਹੋਣਗੇ ਦਾ ਅਰਥ ਇਹ ਨਹੀਂ ਸੀ ਕਿ ਜਿਹੜੇ ਪਹਿਲਾਂ ਹੀ ਮਰ ਚੁੱਕੇ ਸਨ ਉਸ ਦੀ ਆਮਦ ਦੇ ਫਾਇਦਿਆਂ ਤੋਂ ਖੁੰਝ ਜਾਣਗੇ। ਮਸੀਹ ਵਿੱਚ ਮਰੇ ਹੋਇਆਂ ਨੂੰ "ਉਹ ਦੇ ਨਾਲ" ਕਬਰ ਵਿੱਚੋਂ ਬਾਹਰ ਲਿਆਂਦਾ ਜਾਵੇਗਾ (4:14)।

ਯਿਸੂ ਦੇ ਦੁਬਾਰਾ ਆਉਣ ਦੇ ਵੇਰਵਿਆਂ ਵਿੱਚੋਂ ਤਿੰਨ ਸਾਡੇ ਲਈ 15 ਅਤੇ 16 ਆਇਤਾਂ ਵਿੱਚ ਪਰਗਟ ਕੀਤੇ ਗਏ ਹਨ। ਸਭ ਤੋਂ ਪਹਿਲਾ, ਪ੍ਰਭੂ ਸੁਰਗ ਤੋਂ ਆਵੇਗਾ। ਜਿਵੇਂ ਯਿਸੂ ਸੁਰਗ ਉੱਤੇ ਉਨ੍ਹਾਂ ਦੀਆਂ ਨਜ਼ਰਾਂ ਸਾਹਮਣੇ ਅਕਾਸ਼ ਨੂੰ ਉੱਪਰ ਉਠਾ ਲਿਆ ਗਿਆ ਸੀ, ਉਸ ਦੇ ਚੇਲਿਆਂ ਨੂੰ ਕਿਹਾ ਗਿਆ ਸੀ, ". . . 'ਹੇ ਗਲੀਲੀ ਪੁਰਖੋ, ਤੁਸੀਂ ਕਿਉਂ ਖੜੇ ਅਕਾਸ਼ ਦੀ ਵੱਲ ਵੇਖਦੇ ਹੋ? ਇਹ ਯਿਸੂ ਜਿਹੜਾ ਤੁਹਾਡੇ ਕੋਲੋਂ ਅਕਾਸ਼ ਉੱਪਰ ਉਠਾ ਲਿਆ ਗਿਆ ਓਸੇ ਤਰਾਂ ਆਵੇਗਾ ਜਿਸ ਤਰਾਂ ਤੁਸਾਂ ਉਸ ਨੂੰ ਅਕਾਸ਼ ਉੱਤੇ ਜਾਂਦੇ ਵੇਖਿਆ'" (ਰਸੂਲਾਂ ਦੇ ਕਰਤੱਬ 1:11)। ਯਿਸੂ ਦੇ ਦੁਬਾਰਾ ਆਉਣ ਦਾ ਵਾਅਦਾ ਉਸ ਦੇ ਜਾਣ ਜਿੰਨਾ ਹੀ ਨਿਸ਼ਚਤ ਸੀ। ਥੱਸਲੁਨੀਕੇ ਦੇ ਲੋਕ ਇਹ ਵਿਸ਼ਵਾਸ ਕਰਦੇ ਸਨ; ਇਹ ਖੁਸ਼ਖ਼ਬਰੀ ਸੰਦੇਸ਼ ਦਾ ਅਤੇ ਮਸੀਹੀ ਬਣਨ ਦੇ ਲਈ ਉਨ੍ਹਾਂ ਦੀ ਦਲੀਲ ਦਾ ਹਿੱਸਾ ਸੀ (1:10)।

ਦੂਜਾ, ਮਹਾਂ ਦੂਤ ਦੀ ਅਵਾਜ਼ ਅਤੇ ਪਰਮੇਸ਼ੁਰ ਦੀ ਤੁਰ੍ਹੀ ਸੁਣਾਈ ਦੇਵੇਗੀ। ਯਿਸੂ ਦੇ ਦੁਬਾਰਾ ਆਉਣ ਦਾ ਐਲਾਨ ਉੱਚੀ ਅਵਾਜ਼ ਵਿੱਚ ਕੀਤਾ ਜਾਵੇਗਾ; ਕੋਈ ਵੀ-ਭਾਵੇਂ ਮਰਿਆ ਹੋਇਆ ਜਾਂ ਜੀਉਂਦਾ-ਇਸ ਤੋਂ ਵਾਂਝਾ ਨਹੀਂ ਰਹੇਗਾ। ਪੂਰੇ ਸੰਸਾਰ ਨੂੰ ਬਣਾਉਣ ਅਤੇ ਇਸ ਨੂੰ ਵੱਸ ਵਿੱਚ ਕਰਨ ਲਈ ਪਰਮੇਸ਼ੁਰ ਦੀ ਸ਼ਕਤੀ ਨੂੰ "ਉਹ ਦੇ ਰਾਹਾਂ ਦੇ ਕੰਢੇ" ਕਿਹਾ ਗਿਆ ਹੈ (ਅੱਯੂਬ 26:14)! ਪਰਮੇਸ਼ੁਰ ਯਿਸੂ ਦੇ ਆਉਣ ਦਾ ਐਲਾਨ ਕਰਨ ਲਈ ਅਸਾਨੀ ਨਾਲ ਜਗਤ ਦਾ ਤਵੱਜੋ ਹਾਸਲ ਕਰੇਗਾ।

ਤੀਜਾ, ਮੁਰਦੇ ਜੀ ਉੱਠਣਗੇ। ਇਹ ਪਹਿਲੀ ਸਦੀ ਵਿੱਚ ਰਸੂਲਾਂ ਦੇ ਪ੍ਰਚਾਰ ਦਾ ਵਿਸ਼ਾ ਸੀ। ਰਸੂਲਾਂ ਦੇ ਕਰਤੱਬ 4:33 ਵਿੱਚ ਅਸੀਂ ਪੜ੍ਹਦੇ ਹਾਂ, "ਅਤੇ ਰਸੂਲ ਵੱਡੀ ਸ਼ਕਤੀ ਨਾਲ ਪ੍ਰਭੂ ਯਿਸੂ ਦੇ ਜੀ ਉੱਠਣ ਦੀ ਸਾਖੀ ਦਿੰਦੇ ਸਨ . . . ।" ਇਹ ਉਹ ਚਮਤਕਾਰ ਸੀ ਜਿਸ ਨੇ ਯਿਸੂ ਦੇ ਰੱਬੀ ਹੋਣ ਨੂੰ ਚੋਟੀ ਤੇ ਪਹੁੰਚਾ ਦਿੱਤਾ। ਸਿਰਫ ਪਰਮੇਸ਼ੁਰ ਹੀ ਯਿਸੂ ਨੂੰ ਜਿਵਾਲ ਸਕਦਾ ਸੀ। ਯਿਸੂ ". . . ਮੁਰਦਿਆਂ ਵਿੱਚੋਂ ਜੀ ਉੱਠਣ ਤੋਂ ਸਮਰੱਥਾ ਨਾਲ ਪਰਮੇਸ਼ੁਰ ਦਾ ਪੁੱਤ੍ਰ ਸਾਡਾ ਪ੍ਰਭੂ ਯਿਸੂ ਮਸੀਹ ਮਿਥਿਆ ਗਿਆ" (ਰੋਮੀਆਂ 1:4)। ਯਿਸੂ ਦੇ ਜੀ ਉੱਠਣ ਦੇ ਕਾਰਣ, ਮਸੀਹੀ ਲੋਕ ਮੌਤ ਤੋਂ ਬਾਅਦ ਸਦਾ ਲਈ ਜੀਵਨ ਨੂੰ ਸਾਂਝਾ ਕਰਨ ਦੀ ਉਡੀਕ ਕਰ ਸਕਦੇ ਹਨ ਜਿਵੇਂ ਅਸੀਂ ਵੀ ਉਸ ਦੇ ਜੀ ਉੱਠਣ ਵਿੱਚ ਸਾਂਝੀ ਹਾਂ। ਅਸੀਂ ਪੜ੍ਹਦੇ ਹਾਂ, "ਵੇਖੋ, ਮੈਂ ਤੁਹਾਨੂੰ ਇੱਕ ਭੇਤ ਦੱਸਦਾ ਹਾਂ ਜੋ ਅਸੀਂ ਸੱਭੇ ਨਹੀਂ ਸੌਂਵਾਂਗੇ, ਪਰ ਸੱਭੇ ਛਿੰਨ ਭਰ ਵਿੱਚ ਅੱਖ ਦੀ ਝਮਕ ਵਿੱਚ ਛੇਕੜਲੀ ਤੁਰ੍ਹੀ ਫੂਕਦਿਆਂ ਸਾਰ ਹੋਰ ਦੇ ਹੋਰ ਹੋ ਜਾਵਾਂਗੇ। ਤੁਰ੍ਹੀ ਫੂਕੀ ਜਾਵੇਗੀ

ਅਤੇ ਮੁਰਦੇ ਅਵਿਨਾਸੀ ਹੋ ਕੇ ਜੀ ਉੱਠਣਗੇ ਅਤੇ ਅਸੀਂ ਹੋਰ ਦੇ ਹੋਰ ਹੋ ਜਾਵਾਂਗੇ" (1 ਕੁਰਿੰਥੀਆਂ 15:51, 52)। ਆਖ਼ਰੀ ਮਿਲਣ ਦਾ ਪਹਿਲਾ ਹਿੱਸਾ ਅਵਿਨਾਸੀ ਸਰੀਰਾਂ ਨੂੰ ਪ੍ਰਾਪਤ ਕਰਨ ਲਈ ਮਸੀਹ ਵਿੱਚ ਮੁਰਦਿਆਂ ਦਾ ਜੀ ਉੱਠਣਾ ਹੋਵੇਗਾ। ਫਿਰ ਅਸੀਂ ਯਿਸੂ ਦੇ ਨਾਲ ਸਦੀਪਕ ਕਾਲ ਦਾ ਅਨੰਦ ਮਾਣਨਾ ਆਰੰਭ ਕਰਾਂਗੇ।

*ਅਸੀਂ ਸੋਗ ਨਹੀਂ ਕਰਨਾ ਹੈ, ਕਿਉਂਕਿ ਜੀਉਂਦਿਆਂ ਅਤੇ ਮੋਏ ਹੋਇਆਂ ਦਾ ਆਪਸ ਵਿੱਚ ਮੇਲ ਹੋ ਜਾਵੇਗਾ* (4:17)। ਮਸੀਹ ਵਿੱਚ ਮੁਰਦਿਆਂ ਦਾ ਧਿਆਨ ਕਰਨ ਤੋਂ ਬਾਅਦ, ਪਰਮੇਸ਼ੁਰ ਫਿਰ ਜੀਉਂਦਿਆਂ ਵੱਲ ਧਿਆਨ ਕਰੇਗਾ ਤਾਂ ਜੋ ਉਹ ਜੀ ਉੱਠੇ ਸੰਤਾਂ ਦੇ ਨਾਲ ਮਿਲ ਕੇ ਸਦਾ ਪ੍ਰਭੂ ਦੇ ਸੰਗ ਰਹਿ ਸਕਣ (4:17)। ਇਹ ਆਇਤ "ਹਵਾ ਵਿੱਚ" ਉਸ ਮਹਾਨ ਮਿਲਣ ਦਾ ਵਰਣਨ ਕਰਦੀ ਹੈ ਅਤੇ ਯਿਸੂ ਦੇ ਗੁਪਤ ਵਿੱਚ ਵਾਪਸ ਆਉਣ ਅਤੇ ਧਰਤੀ ਉੱਤੇ ਪਾਏ ਜਾਣ ਦੇ ਵਿਚਾਰ ਨੂੰ ਝੂਠਾ ਸਾਬਤ ਕਰਦੀ ਹੈ। ਇਸ ਦਾ ਅਰਥ ਇਹ ਵੀ ਹੈ ਕਿ ਯਿਸੂ ਦੇ ਦੁਬਾਰਾ ਆ ਕੇ ਆਪਣੇ ਰਾਜ ਨੂੰ ਕਾਇਮ ਕਰਨ ਦਾ ਵਿਚਾਰ ਝੂਠਾ ਹੈ। ਪਰਮੇਸ਼ੁਰ ਨੇ ਇਸ ਧਰਤੀ ਉੱਤੇ ਆਪਣੇ ਸੰਤਾਂ ਲਈ ਸਦੀਪਕ ਕਾਲ ਬਿਤਾਉਣ ਦੀ ਯੋਜਨਾ ਨਹੀਂ ਬਣਾਈ ਹੈ।

ਪਵਿੱਤਰ ਵਚਨ ਸਾਨੂੰ ਭਰੋਸਾ ਦਿੰਦਾ ਹੈ ਕਿ "ਅਕਾਸ਼ ਸਰਨਾਟੇ ਨਾਲ ਜਾਂਦੇ ਰਹਿਣਗੇ" ਅਤੇ "ਧਰਤੀ ਉਨ੍ਹਾਂ ਕਾਰਾਗਰੀਆਂ ਸਣੇ ਜੋ ਉਸ ਵਿੱਚ ਹਨ ਜਲ ਬਲ ਜਾਵੇਗੀ" (2 ਪਤਰਸ 3:10)। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ "ਕਿਉਂ ਜੋ ਅਸੀਂ ਸੁਰਗ ਦੀ ਪਰਜਾ ਹਾਂ ਜਿੱਥੇ ਅਸੀਂ ਇੱਕ ਮੁਕਤੀ ਦਾਤੇ ਅਰਥਾਤ ਪ੍ਰਭੂ ਯਿਸੂ ਮਸੀਹ ਦੀ ਉਡੀਕ ਵੀ ਕਰਦੇ ਹਾਂ" (ਫ਼ਿਲਿੱਪੀਆਂ 3:20)। ਅਸੀਂ ਪਰਮੇਸ਼ੁਰ ਦੁਆਰਾ ਸਾਨੂੰ ਇੱਕ ਨਵੇਂ, ਸਦੀਪਕ ਘਰ ਦੇਣ ਦੀ ਉਡੀਕ ਕਰਦੇ ਹਾਂ ਜਦੋਂ ਯਿਸੂ ਵਾਪਸ ਆਵੇਗਾ। ਪਤਰਸ ਨੇ ਕਿਹਾ, "ਪਰ ਉਹ ਦੇ ਬਚਨ ਦੇ ਅਨੁਸਾਰ ਅਸੀਂ ਨਵੇਂ ਅਕਾਸ਼ ਅਤੇ ਨਵੀਂ ਧਰਤੀ ਦੀ ਉਡੀਕ ਕਰਦੇ ਹਾਂ ਜਿਨ੍ਹਾਂ ਵਿੱਚ ਧਰਮ ਵੱਸਦਾ ਹੈ" (2 ਪਤਰਸ 3:13)।

*ਅਸੀਂ ਸੋਗ ਨਹੀਂ ਕਰਨਾ ਹੈ, ਪਰ ਬਜਾਇ ਇਸ ਦੇ ਸਾਥੀ ਮਸੀਹੀਆਂ ਨੂੰ ਤਸੱਲੀ ਦੇਣੀ ਹੈ* (4:18)। ਥੱਸਲੁਨੀਕੇ ਦੇ ਲੋਕ ਆਪਣੇ ਉਨ੍ਹਾਂ ਭਰਾਵਾਂ ਦੇ ਭਵਿੱਖ ਬਾਰੇ ਚਿੰਤਤ ਸਨ ਜਿਹੜੇ ਮਰ ਚੁੱਕੇ ਸਨ। ਹੁਣ ਜਦ ਕਿ ਅਸਲੀ ਹਾਲਤ ਬਾਰੇ ਉਨ੍ਹਾਂ ਨੂੰ ਸਮਝਾ ਦਿੱਤਾ ਗਿਆ ਤਾਂ ਉਨ੍ਹਾਂ ਨੂੰ ਉਨ੍ਹਾਂ ਦੇ ਲਈ ਕੋਈ ਅਫਸੋਸ ਨਹੀਂ ਹੋਵੇਗਾ ਜਿਹੜੇ ਮਰ ਚੁੱਕੇ ਸਨ ਜਦ ਕਿ ਪਹਿਲਾਂ ਉਹ ਸੋਚਦੇ ਸਨ ਕਿ ਉਹ ਯਿਸੂ ਨਾਲ ਮਿਲਣ ਤੋਂ ਵਾਂਝੇ ਰਹਿ ਗਏ ਸਨ। ਉਨ੍ਹਾਂ ਦਾ ਇਨ੍ਹਾਂ ਭਰਾਵਾਂ ਨਾਲ ਅਤੇ ਯਿਸੂ ਨਾਲ ਮਿਲਣ ਹੋਵੇਗਾ ਅਤੇ ਉਹ ਇਕੱਠੇ ਮਿਲ ਕੇ ਸਦੀਪਕ ਕਾਲ ਲਈ ਪਰਮੇਸ਼ੁਰ ਦੀਆਂ ਸਾਰੀਆਂ ਬਰਕਤਾਂ ਦਾ ਅਨੰਦ ਮਾਣਨਗੇ।

ਸਿਰਫ ਮਸੀਹੀ ਲੋਕਾਂ ਨੂੰ ਹੀ ਮੌਤ ਤੋਂ ਬਾਅਦ ਜੀਵਨ ਦੀ ਨਿਸ਼ਚਤ ਆਸ ਹੈ। ਮਸੀਹ ਦੇ ਚੇਲੇ ਅਤੇ ਉਸ ਦੇ ਜੀ ਉੱਠਣ ਵਿੱਚ ਵਿਸ਼ਵਾਸ ਕਰਨ ਵਾਲੇ ਹੋਣ ਦੇ ਨਾਤੇ, ਅਸੀਂ ਸਾਥੀ ਮਸੀਹੀਆਂ ਨੂੰ ਤਸੱਲੀ ਦੇ ਸਕਦੇ ਹਾਂ ਜਦੋਂ ਉਨ੍ਹਾਂ ਦੇ ਵਿਚਾਰ ਮੌਤ ਵੱਲ ਮੁੜਦੇ ਹਨ, ਫਿਰ ਭਾਵੇਂ ਇਹ ਉਨ੍ਹਾਂ ਦੀ ਆਪਣੀ ਜਾਂ ਉਨ੍ਹਾਂ ਦੇ ਕਿਸੇ ਭਰਾ ਜਾਂ ਭੈਣ ਦੀ ਮੌਤ ਹੋਵੇ (4:18)।

*ਸਿੱਟਾ।* ਯਿਸੂ ਦੇ ਦੁਬਾਰਾ ਆਉਣ ਦੀ ਸੱਚਾਈ ਦਾ ਪਰਕਾਸ਼ ਉਨ੍ਹਾਂ ਦੇ ਲਈ ਸੁਰੱਖਿਆ ਅਤੇ ਤਸੱਲੀ ਲਿਆਉਂਦਾ ਹੈ ਜਿਨ੍ਹਾਂ ਦਾ ਸੰਬੰਧ ਪਰਮੇਸ਼ੁਰ ਨਾਲ ਸਹੀ ਹੈ। ਮਸੀਹੀ ਜੀਵਨ ਦੇ ਆਪਣੇ ਤਣਾਅ ਅਤੇ ਦਬਾਅ ਹਨ ਜਿਨ੍ਹਾਂ ਦਾ ਇਨ੍ਹਾਂ ਮਸੀਹੀ ਲੋਕਾਂ ਨੇ ਅਨੁਭਵ ਕੀਤਾ; ਪਰ ਜਦੋਂ ਯਿਸੂ ਦੁਬਾਰਾ ਆਵੇਗਾ, ਹਰ ਦੁੱਖ ਦਾ ਅੰਤ ਹੋ ਜਾਵੇਗਾ। TP

**ਉਹ ਜੋ ਸੁੱਤੇ ਹੋਏ ਹਨ (4:13-18)**

ਅਜਿਹਾ ਲੱਗਦਾ ਹੈ ਕਿ ਥੱਸਲੁਨੀਕੇ ਦੇ ਲੋਕ ਮਸੀਹ ਦੀ ਵਾਪਸੀ ਦੇ ਕੁਝ ਪਹਿਲੂਆਂ ਦੇ ਵਿਸ਼ੇ ਵਿੱਚ ਗਲਤ ਸਨ। ਇੱਕ ਭਰਮ ਸੀ ਕਿ ਜੋ ਪਹਿਲਾਂ ਤੋਂ ਮਰ ਚੁੱਕੇ ਹਨ ਮਸੀਹ ਦੀ ਦੂਸਰੀ ਆਮਦ ਦੇ ਸਮੇਂ ਛੱਡ ਦਿੱਤਾ ਜਾਵੇਗਾ। ਜਦੋਂ ਪੌਲੁਸ ਮਸੀਹ ਦੀ ਆਮਦ ਦੇ ਨਾਲ ਵਿਵਹਾਰ ਕੀਤਾ, ਉਸ ਨੇ ਇਸ ਗੱਲ ਪੂਰਾ ਹੱਲ ਕੱਢਣ ਦੇ ਲਈ ਸਮਾਂ ਲਿਆ ਕਿ ਉਨ੍ਹਾਂ ਨੂੰ ਆਪਣੇ ਉਨ੍ਹਾਂ ਪਿਆਰੇ ਲੋਕਾਂ ਦੇ ਬਾਰੇ ਜੋ ਮਸੀਹ ਦੇ ਵਿੱਚ ਹੋ ਕੇ ਸੌਂ ਚੁੱਕੇ ਹਨ ਕਿਸ ਪ੍ਰਕਾਰ ਸੋਚਣਾ ਚਾਹੀਦਾ ਹੈ।

*"ਹੋਰਨਾਂ ਵਾਂਙੁ ਜਿਨ੍ਹਾਂ ਨੂੰ ਕੋਈ ਆਸ ਨਹੀਂ ਸੋਗ ਨਾ ਕਰੋ।"* ਪੌਲੁਸ ਨੇ ਕਿਸੇ ਅਜ਼ੀਜ਼ ਦੀ ਮੌਤ ਤੇ ਰੋਣ ਤੋਂ ਮਨ੍ਹਾਂ ਨਹੀਂ ਕੀਤਾ ਸੀ (ਯੂਹੰਨਾ 11:35), ਪਰ ਉਸ ਨੇ ਕਿਸੇ ਅਜ਼ੀਜ਼ ਦੀ ਮੌਤ ਤੇ ਇਸ ਪ੍ਰਕਾਰ ਰੋਣ ਤੋਂ ਮਨ੍ਹਾ ਕੀਤਾ ਹੈ ਜਿਵੇਂ ਕਿ ਉਸ ਦੇ ਲਈ ਕੋਈ ਆਸ ਹੀ ਨਾ ਹੋਵੇ। ਮੌਤ ਉਨ੍ਹਾਂ ਲੋਕਾਂ ਦੇ ਲਈ ਨਿਰਾਸ਼ਾ ਲਿਆਉਂਦੀ ਹੈ ਜੋ ਬਿਨਾਂ ਆਸ ਤੋਂ ਮਰਦੇ ਹਨ; ਪਰ ਮਸੀਹ ਵਿੱਚ ਹੋ ਕੇ ਮਸੀਹੀਆਂ ਕੋਲ ਇੱਕ ਸ਼ਾਨਦਾਰ ਆਸ, ਅਤੇ ਉਸ ਦੇ ਦੁਆਰਾ, ਇੱਕ ਸ੍ਰੇਸ਼ਠ ਦਿਲਾਸਾ ਹੈ।

*"ਭਰੋਸਾ ਰੱਖੋ ਕਿ ਅਸੀਂ ਆਪਣੇ ਪਿਆਰਿਆਂ ਨੂੰ ਫਿਰ ਤੋਂ ਮਿਲਾਂਗੇ।"* ਜਿਵੇਂ ਉਹ ਮਸੀਹ ਦੀ ਮੌਤ, ਦਫ਼ਨਾਏ ਜਾਣ, ਅਤੇ ਜੀ ਉੱਠਣ ਤੇ ਵਿਸ਼ਵਾਸ ਰੱਖਦੇ ਹਨ, ਉਹ ਇਹ ਵੀ ਵਿਸ਼ਵਾਸ ਕਰ ਸਕਦੇ ਹਨ ਕਿ ਉਹ ਆਪਣੇ ਅਜ਼ੀਜ਼ਾਂ ਨੂੰ ਦੁਬਾਰਾ ਵੇਖਣਗੇ। ਜਿਵੇਂ ਕਲੀਸਿਆ ਦੇ ਮਹਾਨ ਮੁਖੀ ਦੇ ਨਾਤੇ, ਯਿਸੂ ਮੁਰਦਿਆਂ ਦੇ ਵਿੱਚੋਂ ਜੀ ਉੱਠਿਆ ਅਤੇ ਸਦਾ ਲਈ ਜਿਉਂਦਾ ਹੈ। ਉਹ ਸਾਰੇ ਛੁਡਾਏ ਹੋਇਆਂ ਦੀ ਉਨ੍ਹਾਂ ਦੀ ਮੌਤ ਤੋਂ ਜੀ ਉੱਠਣ ਦੇ ਦੁਆਰਾ ਅਗਵਾਈ ਕਰੇਗਾ। ਆਪਣੇ ਆਉਣ ਦੇ ਸਮੇਂ, ਉਹ ਸਾਡੇ ਪਿਆਰਿਆਂ ਨੂੰ ਆਪਣੇ ਨਾਲ ਲਿਆਵੇਗਾ (4:14)।

*"ਭਈ ਅਸੀਂ ਜਿਹੜੇ ਜੀਉਂਦੇ ਅਤੇ ਪ੍ਰਭੁ ਦੇ ਆਉਣ ਤੀਕ ਬਾਕੀ ਰਹਿੰਦੇ ਹਾਂ ਸੋ ਓਹਨਾਂ ਤੋਂ ਜਿਹੜੇ ਸੌਂ ਗਏ ਹਨ ਕਦੀ ਅਗੇਤ੍ਰੇ ਨਾ ਹੋਵਾਂਗੇ"* (ਆਇਤ 15)। ਉਹ ਲੋਕ ਜਿਹੜੇ ਜੀਉਂਦੇ ਹਨ ਸੋ ਓਹਨਾਂ ਤੋਂ ਜਿਹੜੇ ਮਸੀਹ ਵਿੱਚ ਸੌਂ ਗਏ ਹਨ ਕਦੀ ਅਗੇਤ੍ਰੇ ਨਾ ਹੋਣਗੇ। ਮਰ ਚੁੱਕੇ ਸੰਤ ਮਸੀਹ ਦੀ ਆਮਦ ਦੇ ਨਾਲ ਸੰਬੰਧਤ ਕਿਸੇ ਚੀਜ਼ ਤੋਂ ਵਾਂਝੇ ਨਾ ਰਹਿਣਗੇ। ਜਦੋਂ ਯਿਸੂ ਆਵੇਗਾ ਅਸੀਂ ਉਨ੍ਹਾਂ ਦੇ ਨਾਲ ਹਵਾ ਵਿੱਚ ਦੁਬਾਰਾ ਮਿਲਾਂਗੇ (4:17)। ਦੂਜੀ ਆਮਦ ਦੇ ਸਮੇਂ ਉਨ੍ਹਾਂ ਦਾ ਇੱਕ ਪ੍ਰਮੁੱਖ ਸਥਾਨ ਹੋਵੇਗਾ।

*"ਆਓ ਅਸੀਂ ਵਿਸ਼ਵਾਸ ਕਰੀਏ ਕਿ ਜੋ ਜੀਉਂਦੇ ਹਨ ਉਹ ਵਿਦਾ ਹੋ ਚੁੱਕੇ ਸੰਤਾਂ ਦੇ ਨਾਲ ਇੱਕ ਹੋ ਜਾਣਗੇ।"* ਯਿਸੂ ਦੀ ਦੁਬਾਰਾ ਇਸ ਧਰਤੀ ਉੱਤੇ ਪੈਰ ਰੱਖਣ ਦੀ ਕਲਪਨਾ ਨਹੀਂ ਹੈ। ਜ਼ਿੰਦਾ ਰਹਿ ਰਹੇ ਲੋਕ ਯਿਸੂ ਨਾਲ ਅਤੇ ਮਰ ਚੁੱਕੇ ਸੰਤਾਂ ਦੇ ਨਾਲ ਮਿਲਣ ਦੇ ਲਈ ਹਵਾ ਵਿੱਚ ਉਠਾਏ ਜਾਣਗੇ।

*"ਆਓ ਅਸੀਂ ਯਾਦ ਰੱਖੀਏ ਕਿ ਆਪਣੇ ਪਿਆਰਿਆਂ ਦੇ ਨਾਲ ਮਿਲਣ ਤੋਂ ਬਾਅਦ, ਅਸੀਂ ਸਦਾ ਸਦਾ ਦੇ ਲਈ ਯਿਸੂ ਅਤੇ ਛੁਡਾਏ ਹੋਇਆਂ ਦੇ ਨਾਲ ਰਹਾਂਗੇ।"* ਜਿਵੇਂ ਅਸੀਂ ਇਸ ਨੂੰ ਜਾਣਦੇ ਹਾਂ ਦੂਸਰੀ ਆਮਦ ਯੁੱਗ ਦੇ ਅੰਤ ਨੂੰ ਲਿਆਵੇਗੀ। ਅਸੀਂ ਹਵਾ ਵਿੱਚ ਉਠਾਏ ਜਾਵਾਂਗੇ ਅਤੇ ਸਾਰੇ ਛੁਡਾਏ ਹੋਇਆਂ ਦੇ ਨਾਲ ਆਪਣੇ ਅਨੰਤ ਘਰ ਦਾ ਅਨੰਦ ਮਾਨਣ ਦੇ ਲਈ ਸਵਰਗ ਵਿੱਚ ਲਿਜਾਏ ਜਾਵਾਂਗੇ।

ਮਸੀਹ ਦੀ ਦੂਸਰੀ ਆਮਦ ਦੀ ਚਰਚਾ ਪਾਠਕਾਂ ਨੂੰ ਧਮਕਾਉਣ ਦੇ ਲਈ ਨਹੀਂ ਕੀਤੀ

ਗਈ ਸੀ; ਇਹ ਉਨ੍ਹਾਂ ਲੋਕਾਂ ਦੇ ਲਈ ਇਸ ਲਈ ਪਰਗਟ ਕੀਤੀ ਗਈ ਸੀ ਕਿ ਉਨ੍ਹਾਂ ਨੂੰ ਦਿਲਾਸਾ ਮਿਲੇ। ਇਨ੍ਹਾਂ ਸ਼ਬਦਾਂ ਦੇ ਰਾਹੀਂ ਸਾਨੂੰ ਦਿਲਾਸਾ ਮਿਲਣਾ ਚਾਹੀਦਾ ਹੈ, ਅਤੇ ਸਾਡੇ ਲਈ ਸਭ ਤੋਂ ਵੱਡੀ ਆਸ ਲਿਆਉਣੀ ਚਾਹੀਦਾ ਹੈ ਜਿਸ ਦੀ ਅਸੀਂ ਉਮੀਦ ਕਰ ਸਕਦੇ ਹਾਂ। ਇਹ ਸ਼ਬਦ ਚਿੰਤਾ ਨੂੰ ਪੈਦਾ ਕਰਨ ਦੇ ਲਈ ਨਹੀਂ ਲਿਖੇ ਗਏ ਸਨ; ਉਹ ਸਾਡੇ ਉੱਤੇ ਉਸ ਜਿੱਤ ਨੂੰ ਪਰਗਟ ਕਰਨ ਦੇ ਲਈ ਲਿਖੇ ਗਏ ਸਨ ਜੋ ਸਾਡਾ ਇੰਤਜ਼ਾਰ ਕਰ ਰਹੀ ਸੀ। EC

**"ਨਾ ਰੋਵੋ" (4:13-18)**

ਥੱਸਲੁਨੀਕੇ ਦੇ ਲੋਕਾਂ ਨੇ ਯਿਸੂ ਦੀ ਆਮਦ ਨੂੰ ਉਨ੍ਹਾਂ ਲੋਕਾਂ ਦੇ ਲਈ ਜੋ ਧਰਤੀ ਉੱਤੇ ਜੀਉਂਦੇ ਸਨ ਇੱਕ ਮਹਿਮਾਵਾਨ ਗੱਲ ਦੇ ਰੂਪ ਵਿੱਚ ਵੇਖਿਆ। ਜਿਵੇਂ ਮਸੀਹ ਵਿੱਚ ਪਿਆਰਿਆਂ ਦੀ ਮੌਤ ਹੋਈ, ਉਨ੍ਹਾਂ ਨੇ ਸੋਚਣਾ ਸ਼ੁਰੂ ਕੀਤਾ ਕਿ ਮਸੀਹ ਦੀ ਆਮਦ ਦੇ ਸਮੇਂ ਉਨ੍ਹਾਂ ਦੇ ਨਾਲ ਕੀ ਹੋਵੇਗਾ। ਉਨ੍ਹਾਂ ਨੇ ਸੋਚਿਆ ਸੀ ਕਿ ਜੋ ਮਰ ਗਏ ਸਨ ਜੇਕਰ ਉਹ ਸਾਰੇ ਦਾ ਸਾਰਾ ਨਹੀਂ, ਤਾਂ ਉਸ ਵਿੱਚੋਂ ਜ਼ਿਆਦਾਤਰ ਭਾਗ ਨੂੰ ਤਾਂ ਗੁਆ ਲੈਣਗੇ। ਇਸ ਲਈ ਉਨ੍ਹਾਂ ਨੇ ਇਹ ਸੋਚ ਕੇ ਕਿ ਉਨ੍ਹਾਂ ਦੇ ਉੱਤੇ ਇੱਕ ਬਹੁਤ ਹੀ ਵੱਡੀ ਤ੍ਰਾਸਦੀ ਆ ਪਈ ਹੈ, ਉਨ੍ਹਾਂ ਪਿਆਰਿਆਂ ਉੱਤੇ ਬਹੁਤ ਦੁੱਖ ਮਨਾਇਆ ਜੋ ਮਰ ਗਏ ਸਨ।

ਪੌਲੁਸ ਨੇ ਉਨ੍ਹਾਂ ਨੂੰ ਕਿਹਾ, "ਉਨ੍ਹਾਂ ਲਈ ਸ਼ੋਕ ਨਾ ਕਰੋ। ਅਜਿਹਾ ਕਰਨ ਦੀ ਤੁਹਾਨੂੰ ਲੋੜ ਨਹੀਂ ਹੈ। ਮਸੀਹ ਦੀ ਆਮਦ ਦੇ ਸਮੇਂ ਉਨ੍ਹਾਂ ਨੂੰ ਇੱਕ ਸ਼ਾਨਦਾਰ ਹਿੱਸਾ ਮਿਲੇਗਾ।" ਫਿਰ, ਪੌਲੁਸ ਨੇ ਕਾਰਣ ਪ੍ਰਦਰਸ਼ਿਤ ਕੀਤੇ ਕਿ ਉਨ੍ਹਾਂ ਨੂੰ ਪਹਿਲਾਂ ਤੋਂ ਮਰ ਚੁੱਕੇ ਲੋਕਾਂ ਦੇ ਲਈ ਸ਼ੋਕ ਕਿਉਂ ਨਹੀਂ ਮਨਾਉਣਾ ਚਾਹੀਦਾ ਹੈ।

*"ਯਿਸੂ ਦੇ ਕੀਤੇ ਹੋਏ ਕੰਮ ਦੇ ਕਾਰਣ ਉਨ੍ਹਾਂ ਦੇ ਉੱਤੇ ਨਾ ਰੋਵੋ।"* ਅਸੀਂ ਮਸੀਹ ਦਾ ਸਰੀਰ ਹਾਂ। ਉਸ ਸਰੀਰ ਦਾ ਸਿਰ ਹੋਣ ਦੇ ਨਾਤੇ, ਉਸ ਨੇ ਪਹਿਲਾਂ ਤੋਂ ਹੀ ਸਾਨੂੰ ਆਪਣੇ ਮੁਰਦਿਆਂ ਵਿੱਚੋਂ ਜੀ ਉੱਠਣ ਵਿੱਚ ਪਹੁੰਚਾ ਦਿੱਤਾ ਹੈ। ਜਿਵੇਂ ਉਹ ਜੀ ਉੱਠਿਆ, ਤਿਵੇਂ, ਅਸੀਂ, ਵੀ, ਜੀ ਉੱਠਾਂਗੇ। ਯਿਸੂ ਦਾ ਜੀ ਉੱਠਣਾ ਸਾਡੇ ਵਿਸ਼ਵਾਸਾਂ ਦਾ ਸਾਰ ਹੈ। ਇਹ ਉਸ ਦੇ ਪਰਮੇਸ਼ੁਰ ਪਰਮੇਸ਼ੁਰਤਾਈ ਨੂੰ, ਉਸ ਦੇ ਵਚਨ, ਅਤੇ ਉਸ ਦੇ ਅਨੰਤ ਕਾਲ ਦੇ ਵਾਇਦੇ ਨੂੰ ਪਰਗਟ ਕਰਦਾ ਹੈ।

*"ਪਰਮੇਸ਼ੁਰ ਜੋ ਕਰਨ ਵਾਲਾ ਹੈ ਉਸ ਦੇ ਕਾਰਣ ਉਨ੍ਹਾਂ ਦੇ ਲਈ ਦੁੱਖੀ ਨਾ ਹੋਵੋ।"* ਯਿਸੂ ਨੇ ਉਨ੍ਹਾਂ ਨੂੰ ਜੋ ਉਸ ਵਿੱਚ ਹੋ ਕੇ ਸੌਂ ਗਏ ਹਨ ਆਪਣੇ ਨਾਲ ਮਿਲਾਇਆ ਹੈ। ਮਸੀਹ ਦੀ ਆਮਦ ਦੇ ਵੇਲੇ ਪਰਮੇਸ਼ੁਰ ਸਾਨੂੰ ਫਿਰ ਤੋਂ ਉਨ੍ਹਾਂ ਦੇ ਨਾਲ ਮਿਲਾਏਗਾ। ਮਸੀਹੀ ਹੋਣ ਦੇ ਨਾਤੇ ਸਾਨੂੰ ਕਦੀ ਵੀ ਅਲਵਿਦਾ ਨਹੀਂ ਕਹਿਣਾ ਚਾਹੀਦਾ ਹੈ। ਪਰਮੇਸ਼ੁਰ ਦੇ ਅਨੰਤ ਸ਼ਹਿਰ ਦੇ ਵਿੱਚ ਅਸੀਂ ਫਿਰ ਦੁਬਾਰਾ ਆਪਣੇ ਪਿਆਰਿਆਂ ਦੇ ਨਾਲ ਇੱਕ ਹੋ ਜਾਵਾਂਗੇ।

ਜਿਉਂਦੇ ਸੰਤ ਮਰੇ ਹੋਏ ਸੰਤਾਂ ਤੋਂ ਕਦੀ ਵੀ ਅੱਗੇ ਨਹੀਂ ਹੋਣਗੇ। ਜੋ ਲੋਕ ਪਹਿਲਾਂ ਚਲੇ ਗਏ ਹਨ ਉਹ ਕਿਸੇ ਵੀ ਚੀਜ਼ ਤੋਂ ਵਾਂਝੇ ਨਹੀਂ ਰਹਿਣਗੇ। ਉਹ ਮਸੀਹ ਦੀ ਸ਼ਾਨਦਾਰ ਆਮਦ ਤੋਂ ਵਾਂਝੇ ਨਹੀਂ ਰਹਿਣਗੇ। ਉਨ੍ਹਾਂ ਨੂੰ ਇੱਕ ਬੇਹਤਰ ਨਜ਼ਾਰਾ ਪ੍ਰਾਪਤ ਹੋਵੇਗਾ, ਕਿਉਂਕਿ ਉਹ ਮਸੀਹ ਦੇ ਨਾਲ ਹਵਾ ਵਿੱਚ ਹੋਣਗੇ।

*"ਮਸੀਹੀ ਲੋਕ ਜਿਸ ਦਾ ਅਨੁਭਵ ਕਰਨ ਦੇ ਲਈ ਜਾ ਰਹੇ ਹਨ ਉਸ ਦੇ ਕਾਰਣ ਸ਼ੋਕ ਨਾ ਕਰੋ।"* ਮਸੀਹ ਦੀ ਆਮਦ ਸਾਨੂੰ ਹਮੇਸ਼ਾ ਹਮੇਸ਼ਾ ਦੇ ਲਈ ਇੱਕਠੇ ਕਰ ਦੇਵੇਗੀ। ਮਸੀਹ

ਮਸੀਹੀ ਯੁੱਗ ਦੀ ਸਮਾਪਤੀ ਵੱਲ ਅਗਵਾਈ ਕਰੇਗਾ, ਅਤੇ ਛੁਡਾਏ ਹੋਏ ਸਭ ਲੋਕ ਮਸੀਹ ਦੀ ਮਹਿਮਾ ਵਿੱਚ ਪ੍ਰਵੇਸ਼ ਕਰਨਗੇ।

ਪੌਲੁਸ ਉਸ ਸਵਾਲ ਨੂੰ ਸੰਬੋਧਤ ਨਹੀਂ ਕਰ ਰਿਹਾ ਸੀ ਕਿ ਕੀ ਸਾਨੂੰ ਉਨ੍ਹਾਂ ਲੋਕਾਂ ਨੂੰ ਜੋ ਸਾਡੇ ਤੋਂ ਪਹਿਲਾਂ ਚਲੇ ਗਏ ਹਨ ਯਾਦ ਕਰਨਾ ਚਾਹੀਦਾ ਹੈ ਜਾਂ ਨਹੀਂ ਕਰਨਾ ਚਾਹੀਦਾ। ਅਸਲ ਵਿੱਚ, ਅਸੀਂ ਉਨ੍ਹਾਂ ਨੂੰ ਯਾਦ ਕਰਾਂਗੇ। ਇੱਥੋਂ ਤੱਕ ਕਿ ਅਸੀਂ ਉਨ੍ਹਾਂ ਦੇ ਚਲੇ ਜਾਣ ਤੇ ਰੋਵਾਂਗੇ ਵੀ। ਉਹ ਉਸ ਆਸ ਦੇ ਵਿਸ਼ੇ ਵਿੱਚ ਗੱਲ ਕਰ ਰਿਹਾ ਸੀ ਜੋ ਸਾਨੂੰ ਆਪਣੇ ਮਸੀਹ ਦੇ ਵਿੱਚ ਹੈ। ਅਜਿਹੇ ਲੋਕ ਵੀ ਹੁੰਦੇ ਹਨ ਜੋ ਆਸ ਤੋਂ ਵਾਂਝੇ ਹਨ, ਪਰ ਮਸੀਹੀਆਂ ਦੇ ਕੋਲ ਇੱਕ ਆਸ ਹੈ ਜੋ ਮਸੀਹ ਦੇ ਜੀ ਉੱਠਣ ਤੇ ਅਧਾਰਤ ਹੈ। EC

**ਸਮੇਂ ਦੇ ਅੰਤ ਵੱਲ ਵੇਖਣਾ (4:16-18)**

ਭਾਵੇਂ ਪੌਲੁਸ ਨੇ ਇਸ ਬੰਦ ਵਿੱਚ ਅੰਤ ਦੇ ਸਮੇਂ ਦੇ ਕਈ ਪਹਿਲੂਆਂ ਦਾ ਉਲੇਖ ਕੀਤਾ ਹੈ, ਪਰ ਤਾਂ ਵੀ ਉਸ ਨੇ ਸਾਨੂੰ ਉਹ ਸਭ ਕੁਝ ਨਹੀਂ ਦੱਸਿਆ ਜੋ ਮਸੀਹ ਦੀ ਆਮਦ ਦੇ ਸਮੇਂ ਤੇ ਹੋਵੇਗਾ। ਜੇਕਰ ਅਸੀਂ ਇਸ ਬੰਦ ਨੂੰ ਦੂਸਰੇ ਹੋਰਨਾਂ ਬੰਦਾਂ ਦੇ ਨਾਲ ਮਿਲਾਈਏ ਜੋ ਅੰਤ ਦੇ ਸਮੇਂ ਦੀ ਚਰਚਾ ਕਰਦੇ ਹਨ, ਤਾਂ ਸਾਨੂੰ ਇੱਕ ਹੋਰ ਜ਼ਿਆਦਾ ਸੰਪੂਰਣ ਤਸਵੀਰ ਪ੍ਰਾਪਤ ਹੁੰਦੀ ਹੈ ਕਿ ਉਨ੍ਹਾਂ ਅੰਤਮ ਦਿਨਾਂ ਵਿੱਚ ਕੀ ਹੋਵੇਗਾ।

ਇਤਿਹਾਸ ਦੇ ਅੰਤਿਮ ਅਧਿਆਇ ਤੇ ਮਨਨ ਕਰਣ ਦੇ ਨਾਲ ਮਸੀਹੀ ਨੂੰ ਤਸੱਲੀ ਮਿਲੇਗੀ ਅਤੇ ਗੈਰ ਮਸੀਹੀ ਦੋਸ਼ੀ ਠਹਿਰਾਇਆ ਜਾਵੇਗਾ।

*ਯਿਸੂ ਆਵੇਗਾ।* ਉਹ ਚੋਰ ਦੀ ਨਿਆਂਈ ਆਵੇਗਾ (2 ਪਤਰਸ 3:10), ਬੱਦਲਾਂ ਦੇ ਨਾਲ (ਪਰਕਾਸ਼ ਦੀ ਪੋਥੀ 1:7), ਭੜਕਦੀ ਅੱਗ ਨਾਲ (2 ਥੱਸਲੁਨੀਕੀਆਂ 1:7), ਅਤੇ ਸਵਰਗਦੂਤਾਂ ਦੇ ਨਾਲ (ਮੱਤੀ 25:31)। ਹਰੇਕ ਅੱਖ ਉਸ ਨੂੰ ਵੇਖੇਗੀ (ਪਰਕਾਸ਼ ਦੀ ਪੋਥੀ 1:7)।

ਉਹ ਇੱਕ ਲਲਕਾਰੇ ਦੇ ਨਾਲ ਉਤਰੇਗਾ। ਜਿਹੜਾ ਯੂਨਾਨੀ ਸ਼ਬਦ ਇੱਥੇ "ਲਲਕਾਰੇ" ਦੇ ਲਈ ਇਸਤੇਮਾਲ ਕੀਤਾ ਗਿਆ ਹੈ ਉਹ ਇੱਕ ਸੈਨਾ-ਸੰਬੰਧੀ ਸ਼ਬਦ ਹੈ, ਜੋ ਹੁਕਮ ਦੀ ਘੋਸ਼ਣਾ ਦਾ ਸੰਕੇਤ ਹੈ। ਸ਼ਾਇਦ ਇਹ ਹੁਕਮ ਮੁਰਦਿਆਂ ਨੂੰ ਉਨ੍ਹਾਂ ਦੀਆਂ ਕਬਰਾਂ ਵਿੱਚੋਂ ਬਾਹਰ ਬੁਲਾਵੇਗਾ (ਯੂਹੰਨਾ 5:28, 29)। ਇੱਕ ਮਹਾਂ ਦੂਤ ਉੱਚੀ ਆਵਾਜ਼ ਨਾਲ ਪੁਕਾਰੇਗਾ, ਪਰ ਅਸੀਂ ਨਹੀਂ ਜਾਣਦੇ ਕਿ ਉਹ ਕੀ ਕਹੇਗਾ। ਹੋ ਸਕਦਾ ਹੈ ਕਿ ਉਹ ਇਸ ਸੰਸਾਰ ਦੇ ਨਾਲ ਜੁੜੀਆਂ ਸਭਨਾਂ ਵਸਤੂਆਂ ਦੇ ਅੰਤ ਦੀ ਘੋਸ਼ਣਾ ਕਰੇ। ਫਿਰ, ਇੱਕ ਤੁਰ੍ਹੀ ਵਜਾਈ ਜਾਵੇਗੀ। 1 ਕੁਰਿੰਥੀਆਂ 15:52 ਵਿੱਚ ਇਹ ਸ਼ਬਦ ਮੁਰਦਿਆਂ ਦੇ ਜੀ ਉੱਠਣ ਅਤੇ ਜੀਉਂਦਿਆਂ ਦੇ ਤੁਰੰਤ ਬਦਲ ਜਾਣ ਦਾ ਸੰਕੇਤ ਹੋਵੇਗਾ। ਆਇਤ 16, ਬਾਈਬਲ ਦੀ ਸਭ ਤੋਂ ਸ਼ੋਰ-ਗੁਲ ਵਾਲੀ ਆਇਤ ਹੈ, ਜਿਸ ਵਿੱਚ ਸਾਡੇ ਪ੍ਰਭੂ ਦੀ ਆਮਦ ਤਿੰਨੇ ਸ਼ਬਦ ਸ਼ਾਮਲ ਹੋਣਗੇ।

*ਮਰੇ ਹੋਇਆਂ ਨੂੰ ਜੀਉਂਦਾ ਉਠਾਇਆ ਜਾਵੇਗਾ।* ਸਧਾਰਣ ਜੀ ਉੱਠਣ ਵਿੱਚ ਧਰਮੀਆਂ ਅਤੇ ਕੁਧਰਮੀਆਂ ਸਭਨਾਂ ਨੂੰ ਸ਼ਾਮਲ ਕੀਤਾ ਜਾਵੇਗਾ (ਯੂਹੰਨਾ 5:28, 29)। ਇਸ ਬੰਦ ਵਿੱਚ ਪੌਲੁਸ ਨੇ ਅਧਰਮੀਆਂ ਦੇ ਜੀ ਉੱਠਣ ਨੂੰ ਸ਼ਾਮਲ ਨਹੀਂ ਕੀਤਾ ਹੈ, ਕਿਉਂਕਿ ਉਸ ਦਾ ਧਿਆਨ ਉਸ ਗੱਲ ਤੇ ਸੀ ਕਿ ਉਨ੍ਹਾਂ ਮਸੀਹੀਆਂ ਦੇ ਨਾਲ ਕੀ ਹੋਵੇਗਾ ਜੋ ਮਰ ਚੁੱਕੇ ਹਨ।

*ਨਿਆਂ ਹੋਵੇਗਾ।* ਯਿਸੂ ਨੇ ਕਿਹਾ ਕਿ ਜਦੋਂ ਉਹ ਆਵੇਗਾ ਤਾਂ ਸਾਰੀਆਂ ਕੌਮਾਂ ਉਸ ਦੇ ਸਾਹਮਣੇ ਇਕੱਠੀਆਂ ਕੀਤੀਆਂ ਜਾਣਗੀਆਂ। ਫਿਰ ਉਨ੍ਹਾਂ ਕੌਮਾਂ ਦੇ ਲੋਕਾਂ ਨੂੰ ਇੱਕ ਦੂਸਰੇ ਨਾਲੋਂ

ਵੱਖਰਾ ਕੀਤਾ ਜਾਵੇਗਾ ਜਿਵੇਂ ਇੱਕ ਅਯਾਲੀ ਭੇਡਾਂ ਨੂੰ ਬੱਕਰੀਆਂ ਤੋਂ ਵੱਖਰਾ ਕਰਦਾ ਹੈ (ਮੱਤੀ 25:31–34)। ਇਸ ਮਹਾਨ ਘਟਨਾ ਦੇ ਵਾਪਰਨ ਦੇ ਸਮੇਂ, ਹਰ ਇੱਕ ਰੂਹ ਨੂੰ ਉਸ ਇਸਤਰੀ ਜਾਂ ਪੁਰਖ ਨੂੰ ਉਨ੍ਹਾਂ ਦੇ ਅਨੰਤ ਇਨਾਮ ਦੇ ਵਿੱਚ ਭੇਜਿਆ ਜਾਵੇਗਾ। ਅਸੀਂ ਨਿਆਂ ਤੋਂ ਬਾਅਦ ਅਨੰਤਤਾ ਦੇ ਵਿੱਚ ਜਾਵਾਂਗੇ।

ਪੌਲੁਸ ਨੇ ਇਸ ਬੰਦ ਵਿੱਚ ਨਿਆਂ ਦਾ ਜ਼ਿਕਰ ਨਹੀਂ ਕੀਤਾ ਕਿਉਂਕਿ ਉਸ ਨੇ ਪਹਿਲਾਂ ਤੋਂ ਹੀ ਉਸ ਮੁਕਤੀ ਦਾ ਅਨੁਮਾਨ ਲਗਾ ਲਿਆ ਸੀ ਜੋ ਮਸੀਹੀਆਂ ਨੇ ਪਹਿਲਾਂ ਤੋਂ ਹੀ ਮਸੀਹ ਦੇ ਦੁਆਰਾ ਪ੍ਰਾਪਤ ਕੀਤੀ ਸੀ। ਪੌਲੁਸ ਦੇ ਮਨ ਵਿੱਚ, ਨਿਆਂ ਦੇ ਉੱਤੇ ਜਿੱਤ ਪਹਿਲਾਂ ਤੋਂ ਹੀ ਕੱਢਿਆ ਗਿਆ ਇੱਕ ਸਿੱਟਾ ਸੀ।

*ਸਮਾਂ ਅਨੰਤ ਕਾਲ ਦੇ ਨਾਲ ਲੀਨ ਹੋ ਜਾਵੇਗਾ।* ਨਿਆਂ ਤੋਂ ਪਾਰ ਇੱਕ ਵਿਸ਼ਾਲ ਅਨੰਤਤਾ ਹੋਵੇਗੀ। ਧਰਤੀ ਜਾਂਦੀ ਰਹੇਗੀ, ਅਤੇ ਨਵਾਂ ਅਕਾਸ਼ ਅਤੇ ਨਵੀਂ ਧਰਤੀ ਪਰਗਟ ਹੋਣਗੇ (2 ਪਤਰਸ 3:11–13)। ਜਿਵੇਂ ਕਿ ਸਾਨੂੰ ਪਤਾ ਹੀ ਹੈ ਕਿ ਅਗਾਂਹ ਤੋਂ ਸਮਾਂ ਨਹੀਂ ਹੋਵੇਗਾ ਕਿਉਂਕਿ ਅਗਾਂਹ ਤੋਂ ਕੋਈ ਧਰਤੀ ਨਹੀਂ ਹੋਵੇਗੀ।

*ਅਸੀਂ ਆਪਣੇ ਅਨੰਤ ਘਰਾਂ ਵਿੱਚ ਜਾਵਾਂਗੇ।* ਨਿਆਂ ਪਰਮੇਸ਼ੁਰ ਦੇ ਮਾਰਗਾਂ ਨੂੰ ਅੰਤਿਮ ਰੂਪ ਦਿੰਦਾ ਹੈ ਅਤੇ ਉਸ ਦੇ ਅੰਤਿਮ ਫੈਸਲਿਆਂ ਦੀ ਪੁਸ਼ਟੀ ਕਰੇਗਾ। ਉਹ ਪਤਾਲਾਂ ਅਤੇ ਧਰਤੀ ਉੱਤਲੇ ਸਮੇਂ ਦਾ ਅੰਤ ਲੈ ਆਵੇਗਾ, ਧਰਮੀ ਅਨੰਤ ਜੀਵਨ ਨੂੰ ਪ੍ਰਾਪਤ ਕਰਣਗੇ, ਅਤੇ ਅਧਰਮੀ ਅਨੰਤ ਮੌਤ ਦਾ ਸਾਹਮਣਾ ਕਰਣਗੇ (ਮੱਤੀ 25:46)।

ਇਹ ਸੱਚਾਈਆਂ ਕਿੰਨੀਆਂ ਸੋਚ ਨੂੰ ਉਕਸਾਉਣ ਵਾਲੀਆਂ ਹਨ! ਉਹ ਹਰ ਕਿਸੇ ਨਾਲ ਸੰਬੰਧਤ ਹਨ ਜੋ ਜੀ ਰਿਹਾ ਹੈ ਜਾਂ ਜੀਵੇਗਾ। ਉਹ ਉਨ੍ਹਾਂ ਨਿਯੁਕਤੀਆਂ ਦਾ ਸੁਝਾਅ ਦਿੰਦੀਆਂ ਹਨ ਜੋ ਇੱਕ ਦਿਨ ਸਾਡੇ ਵਿੱਚੋਂ ਹਰ ਕੋਈ ਹਾਸਲ ਕਰੇਗਾ। ਉਹ ਸਾਨੂੰ ਅਨੰਤਤਾ ਵੱਲ ਸਾਡੀ ਯਾਤਰਾ ਦੇ ਬਾਰੇ ਦੱਸਦੀਆਂ ਹਨ, ਜਿੱਥੇ ਅਸੀਂ ਜਾ ਰਹੇ ਹਾਂ, ਉਸ ਦੇ ਬਾਰੇ ਸਾਨੂੰ ਸੱਚਾਈ ਨੂੰ ਵਿਖਾਉਂਦੀਆਂ ਹਨ, ਉਹ ਸਾਰੀਆਂ ਵਸਤੂਆਂ ਦੇ ਅੰਤ ਦੇ ਬਾਰੇ ਦੱਸਦੀਆਂ ਹੋਈਆਂ, ਸਾਨੂੰ ਸਾਡੇ ਭਵਿੱਖ ਦੀ ਇੱਕ ਝਲਕ ਦਿੰਦੀਆਂ ਹਨ। ਪ੍ਰੇਰਣਾ ਦੀ ਕਲਮ ਦੇ ਦੁਆਰਾ ਸਾਡੇ ਸਾਹਮਣੇ ਲਿਆਂਦਾ ਗਿਆ, ਇਹ ਬੰਦ ਇਸ ਗੱਲ ਨੂੰ ਪਰਗਟ ਕਰਦਾ ਹੈ ਕਿਵੇਂ ਧਰਤੀ ਦੀਆਂ ਸਾਰੀਆਂ ਵਸਤੂਆਂ ਇਸ ਹੋਂਦ ਵਿੱਚੋਂ ਜਾਂਦੀਆਂ ਰਹਿਣਗੀਆਂ।

ਇਹ ਸੱਚਾਈਆਂ ਹਨ। ਪ੍ਰੇਰਿਤ ਲੇਖਕ ਅਨੁਮਾਨ ਨਹੀਂ ਲਗਾ ਰਹੇ ਹਨ; ਉਹ ਸਾਨੂੰ ਪਰਮੇਸ਼ੁਰ ਦਾ ਪ੍ਰਕਾਸ਼ਨ ਦੇ ਰਹੇ ਹਨ। ਅਸੀਂ ਉਸ ਸੱਚਾਈ ਨੂੰ ਵੇਖਿਆ ਹੈ ਜੋ ਪਰਮੇਸ਼ੁਰ ਨੇ ਸਾਨੂੰ ਅੰਤ ਦੇ ਸਮੇਂ ਦੇ ਲਈ ਦਿੱਤੀ ਹੋਈ ਹੈ। EC

---

ਟਿੱਪਣੀਆਂ

[1]ਲੀਓਨ ਮੌਰਿਸ, *ਦ ਫਰਸੱਟ ਐਂਡ ਸੈੱਕੰਡ ਐਪਿਸਟਲ ਟੂ ਦ ਥੈਸਾਲੋਨੀਅਨਜ਼,* ਦ ਨਿਊ ਇੰਟਰਨੈਸ਼ਨਲ ਕਮੈਂਟਰੀ ਔਂਨ ਦ ਨਿਊ ਇੰਟਰਨੈਸ਼ਨਲ ਕਮੈਂਟਰੀ ਔਂਨ ਦ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1959), 120. [2]ਐੱਫ਼. ਐੱਫ਼. ਬਰੂਸ, *1 ਅਤੇ 2 ਥੈਸਾਲੋਨੀਅਨਜ਼,* ਵਰਡ ਬਾਈਬਲ ਕਮੈਂਟਰੀ, ਜਿਲਦ 45 (ਵਾਕੋ, ਟੈਕਸਾਸ: ਵਰਡ ਬੁਕਸ, 1982), 82. [3]ਜੇਮਸ ਹੋਪ ਮਾਲਟਨ ਅਤੇ ਜੋਰਜ ਮਿਲੀਗਨ, *ਦ ਵਕੈਬਲਰੀ ਆਫ਼ ਦ ਗ੍ਰੀਕ ਟੈਸਟਾਮੈਂਟ: ਪਪਾਇਰੀ ਅਤੇ ਹੋਰ ਗੈਰ-ਸਾਹਿਤਿਕ ਸਰੋਤਾਂ ਤੋਂ ਨਿਰਦਰਸ਼ਣ ਕਰਨਾ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ

ਪਬਲਿਸ਼ਿੰਗ ਕੰਪਨੀ, 1952), 362. [4]ਵਾਲਟਰ ਬਾਯਰ, *ਏ ਗ੍ਰੀਕ-ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚੀਅਨ ਲਿਟ੍ਰੇਚਰ,* ਤੀਸਰਾ ਸੰਸਕਰਣ, ਸੋਧਿਆ ਸੰਸਕਰਣ। ਫਰੈਡਰਿਕ ਡਬਲਿਯੂ: ਦਨਕਰ (ਸ਼ਿਕਾਗੋ: ਯੂਨੀਵਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 748. [5]ਮੌਰਿਸ ਵਿੱਚ ਹਵਾਲਾ ਦਿੱਤਾ ਗਿਆ, 124। [6]ਏ. ਟੀ. ਰੋਬਰਟਸੰਨਜ਼, *ਦ ਐਪਿਸਟਲਜ਼ ਆਫ਼.* ਪੌਲ, ਜਿਲਦ 4, *ਵਰਡ ਪਿਕਚਰਜ਼ ਇਨ ਦ ਨਿਊ ਟੈਸਟਾਮੈਂਟ* (ਨੈਸ਼ਵਿਲ: ਬ੍ਰੋਡਮੈਨ ਪ੍ਰੈੱਸ, 1931), 29. [7]ਬਰੂਸ, 86. [8]ਮੌਰਿਸ, 130. [9]ਰੋਬਰਟਸਨ, 31. [10]*ਯੰਗਜ਼ ਲਿਟਰਲ ਟ੍ਰਾਂਸਲੇਸ਼ਨ* ਵਿਚ ਆਇਤ 14b ਨੂੰ ਨੋਟ ਕਰੋ “ਇਸ ਲਈ ਪਰਮੇਸ਼ੁਰ ਉਨ੍ਹਾਂ ਨੂੰ ਵੀ ਜੋ ਸੌਂ ਗਏ *ਯਿਸੂ ਦੇ ਰਾਹੀਂ ਆਪਣੇ* ਨਾਲ ਲਿਆਵੇਗਾ” (ਜ਼ੋਰ ਦਿੱਤਾ ਗਿਆ ਹੈ)।

[11]ਮੌਰਿਸ, 140. [12]*ਦ ਨਿਊ ਇੰਟਰਨੈਸ਼ਨਲ ਡਿਕਸ਼ਨਰੀ ਆਫ਼ ਨਿਊ ਟੈਸਟਾਮੈਂਟ ਥਿਓਲੋਜ਼ੀ,* ਸੰਪਾ. ਕੋਲਿਨ ਬਰਾਊਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1976), 2:887 ਵਿਚ "ਪ੍ਰੈਜ਼ੇਂਟ।" [13]ਜੇ. ਡਬਲਿਯੂ. ਮੈਕਗਾਰਵੇ ਅਤੇ ਫਿਲਿੱਪ ਵਾਏ ਪੇਂਡਲੀਟਨ, *ਥੈਸਾਲੋਨੀਅਨਜ਼, ਕੁਰਿੰਥੀਅਨਜ਼, ਗਲੈਸ਼ੀਅਨਜ਼ ਐਂਡ ਰੋਮਨਜ਼,* ਦੀ ਸਟੈਂਡਰਡ ਬਾਈਬਲ ਕਮੈਂਟਰੀ (ਸਿਨਸਿਨਾਟੀ, ਓਹਾਇਓ: ਸਟੈਂਡਰਡ ਪਬਲਿਸ਼ਿੰਗ ਫਾਊਂਡੇਸ਼ਨ, 1916), 20. [14]ਡੇਵਿਡ ਜੇ. ਵਿਲੀਅਮਜ਼, *1 ਐਂਡ 2 ਥੈਸਾਲੋਨੀਅਨਜ਼,* ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ: ਨਿਊ ਟੈਸਟਾਮੈਂਟ ਸੀਰੀਜ਼, ਜਿਲਦ 12 (ਪੀਬੌਡੀ, ਮਾਸਚਿਊਸੇਟਸ: ਹੈਂਡਰਿਕਸਨ ਪਬਲਿਸ਼ਰਜ਼, 1992), 82. [15]ਮੌਰਿਸ, 141. [16]ਰੋਬਰਟਸਨ, 32. [17]ਆਈ. ਹਾਵਰਡ ਮਾਰਸ਼ਲ, *1 ਅਤੇ 2 ਥੈਸਾਲੋਨੀਅਨਜ਼,* ਨਿਊ ਸੈਨਚੁਰੀ ਬਾਈਬਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1983), 127. [18]ਵਿਲੀਅਮਜ਼, 83. [19]ਵੇਖੋ ਬਾਯਰ, 538. [20]ਮੌਰਿਸ, 145.

[21]*ਚਾਰਲਸਟ ਡੇਅਲੀ ਮੇਲ* (ਚਾਰਲਸਟਨ, ਵੇਸਟ ਵਰਜੀਨੀਆ), 8 ਸਤੰਬਰ 1994. [22]ਬਰੂਸ, 96. [23]ਇਵਰਟ ਫਰਗੂਸਨ, *ਬੈਕਗਰਾਊਂਡਸ ਆਫ਼ ਅਰਲੀ ਕ੍ਰਿਸਚੈਨਿਟੀ,* ਦੂਸਰੀ ਸੋਧ। (ਗ੍ਰੈਂਡਰੈ ਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1993), 232.